Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


Vol 19*Issue 190 | Friday, October 02, 2020 | Tel: 905-793-2202 | Fax: 905-793-2282 | news@punjabipost.ca
To view our online newspaper visit **punjabipost.ca/epaper** | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਸਿੱਖ ਆਫੀਸਰਜ਼ ਨੂੰ ਆਪਰੇਸ਼ਨਲ ਡਿਊਟੀਜ਼ ਦੇਣ ਦੇ ਆਰ ਸੀ ਐਮ ਪੀ ਦੇ ਫੈਸਲੇ ਦਾ ਡਬਲਿਊ ਐਸ ਓ ਵੱਲੋਂ ਸਵਾਗਤ

ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਦਾੜ੍ਹੀ ਵਾਲੇ ਸਿੱਖ ਆਫੀਸਰਜ਼ ਨੂੰ ਆਪਰੇਸ਼ਨਲ ਡਿਊਟੀਜ਼ ਦੇਣ ਦੇ ਆਰਸੀਐਮਪੀ ਦੇ ਫੈਸਲੇ ਦਾ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ (ਡਬਲਿਊ ਐਸ ਓ) ਵੱਲੋਂ ਸਵਾਗਤ ਕੀਤਾ ਗਿਆ ਹੈ।

ਇੱਕ ਬਿਆਨ ਜਾਰੀ ਕਰਕੇ ਆਰ ਸੀ ਐਮ ਪੀ ਨੇ ਐਲਾਨ ਕੀਤਾ ਕਿ ਕੈਨੇਡਾ ਭਰ ਵਿੱਚ ਦਾੜ੍ਹੀ ਵਾਲੇ ਫੋਰਸ ਦੇ ਜਿੰਨੇ ਵੀ ਮੈਂਬਰ ਪ੍ਰਭਾਵਿਤ ਹੋਏ ਹਨ ਉਹ ਢੁਕਵੀਆਂ ਪੀ ਪੀ ਈ ਧਾਰਨ ਕਰਕੇ ਆਪਣੀਆਂ ਆਪਰੇਸ਼ਨਲ ਡਿਊਟੀਜ਼ ਉੱਤੇ ਪਰਤ ਸਕਦੇ ਹਨ। ਇਹ ਪੀ ਪੀ ਈ ਕਿੱਟਜ਼ ਸਬੰਧਤ ਪ੍ਰੋਵਿੰਸਾਂ ਦੇ ਕਮਾਂਡਿੰਗ ਅਧਿਕਾਰੀਆਂ ਵੱਲੋਂ ਖਤਰੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਨਿਰਧਾਰਤ ਕੀਤੀਆਂ ਜਾਣਗੀਆਂ।

ਫਿਰ ਵੀ ਇਨ੍ਹਾਂ ਦਾੜ੍ਹੀ ਵਾਲੇ ਮੈਂਬਰਜ਼ ਨੂੰ ਉਸ ਸਮੇਂ ਹੀ ਆਪਰੇਸ਼ਨਲ ਜ਼ਿੰਮੇਵਾਰੀ ਦਿੱਤੀ ਜਾਵੇਗੀ ਜਦੋਂ ਐਕਸਪੋਜ਼ਰ (exposure) ਦਾ ਖਤਰਾ ਘੱਟ ਹੋਵੇਗਾ ਜਾਂ ਫਿਰ ਬਹੁਗਿਣਤੀ ਵਿੱਚ ਰਿਸਪਾਂਡਿੰਗ (responding) ਅਧਿਕਾਰੀ ਮੌਕੇ ਉੱਤੇ ਮੌਜੂਦ ਹੋਣਗੇ। ਇਸ ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਅਸੀਂ ਕਿਸੇ ਵੀ ਹਾਲ ਆਪਣੇ ਅਧਿਕਾਰੀਆਂ ਜਾਂ ਜਨਤਾ ਨੂੰ ਖਾਹ-ਮ-ਖਾਹ ਦੇ ਖਤਰੇ ਵਿੱਚ ਨਹੀਂ ਪਾ ਸਕਦੇ।



ਜ਼ਿਕਰਯੋਗ ਹੈ ਕਿ ਡਬਲਿਊ ਐਸ ਓ ਪ੍ਰਭਾਵਿਤ ਆਰ ਸੀ ਐਮ ਪੀ ਅਧਿਕਾਰੀਆਂ ਦੇ ਪੱਖ ਉੱਤੇ ਅਪਰੈਲ 2020 ਤੋਂ ਹੀ ਆਵਾਜ਼ ਉਠਾ ਰਹੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਦਾੜ੍ਹੀ ਵਾਲੇ ਸਿੱਖ ਆਰ ਸੀ ਐਮ ਪੀ ਅਧਿਕਾਰੀਆਂ ਨੂੰ ਮਾਰਚ 2020 ਵਿੱਚ ਫਰੰਟਲਾਈਨ ਪੁਲਿਸ ਡਿਊਟੀਜ਼ ਤੋਂ ਹਟਾ ਦਿੱਤਾ ਗਿਆ ਸੀ ਕਿਉਂਕਿ ਆਰ ਸੀ ਐਮ ਪੀ ਚਾਹੁੰਦੀ ਸੀ ਕਿ ਉਸ ਦੇ ਸਾਰੇ ਅਧਿਕਾਰੀ ਐਨ95 ਮਾਸਕਸ ਪਾਉਣ। ਪਰ ਆਰ ਸੀ ਐਮ ਪੀ ਮੁਤਾਬਕ ਮੂੰਹ ਉੱਤੇ ਦਾੜ੍ਹੀ ਹੋਣ ਕਾਰਨ ਇਹ ਮਾਸਕ ਚੰਗੀ ਤਰ੍ਹਾਂ ਫਿੱਟ ਨਹੀਂ ਹੁੰਦੇ।

ਇਹ ਵੀ ਸਾਹਮਣੇ ਆਇਆ ਹੈ ਕਿ ਜਿੱਥੇ ਐਰੋਸੋਲ ਜੈਨਰੇਟਿੰਗ ਮੈਡੀਕਲ ਪ੍ਰੋਸੀਜ਼ਰ (ਏ ਜੀ ਐਮ ਪੀ) ਚੱਲ ਰਿਹਾ ਹੋਵੇ ਉੱਥੇ ਹੀ ਐਨ95 ਮਾਸਕਸ ਦੀ ਲੋੜ ਹੁੰਦੀ ਹੈ ਤੇ ਬਾਕੀ ਕਿਸੇ ਵੀ ਤਰ੍ਹਾਂ ਦੇ ਹਾਲਾਤ ਵਿੱਚ ਰੈਗੂਲਰ ਮੈਡੀਕਲ ਮਾਸਕਸ ਹੀ ਕਾਫੀ ਹੁੰਦੇ ਹਨ। ਇਸ ਦੌਰਾਨ ਡਬਲਿਊ ਐਸ ਓ ਦੇ ਪ੍ਰੈਜ਼ੀਡੈਂਟ ਤੇਜਿੰਦਰ ਸਿੰਘ ਸਿੱਧੂ ਨੇ ਆਖਿਆ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਆਰ ਸੀ ਐਮ ਪੀ ਵਿੱਚ ਦਾੜ੍ਹੀ ਵਾਲੇ ਸਿੱਖ ਅਧਿਕਾਰੀ ਹੁਣ ਆਪਣੀਆਂ ਡਿਊਟੀਜ਼ ਆਮ ਢੰਗ ਨਾਲ ਨਿਭਾਅ ਸਕਣਗੇ। ਉਨ੍ਹਾਂ ਆਖਿਆ ਕਿ ਸਾਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਇਸ ਮੁੱਦੇ ਨੂੰ ਹੱਲ ਕਰਨ ਵਿੱਚ ਆਰ ਸੀ ਐਮ ਪੀ ਨੇ ਵਿਸ਼ੇਸ਼ ਰੁਚੀ ਵਿਖਾਈ।

## ਨਿੱਕੇ ਕਾਰੋਬਾਰਾਂ ਦੀ ਮਦਦ ਕਰਨ ਵਿੱਚ ਅਸਫਲ ਰਹੀ ਟਰੂਡੋ ਸਰਕਾਰ : ਪਿਏਰ ਪੌਲੀਐਵਰ

ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਦੇ ਫਾਇਨਾਂਸ ਲਈ ਸ਼ੈਡੋ ਮੰਤਰੀ ਪਿਏਰ ਪੌਲੀਐਵਰ ਤੇ ਸਮਾਲ ਬਿਜ਼ਨਸ ਐਂਡ ਵੈਸਟਰਨ ਇਕਨੌਮਿਕ ਡਿਵੈਲਪਮੈਂਟ ਲਈ ਸ਼ੈਡੋ ਮੰਤਰੀ ਪੈਟ ਕੈਲੀ ਵੱਲੋਂ ਕੈਨੇਡਾ ਐਮਰਜੰਸੀ ਕਮਰਸ਼ੀਅਲ ਰੈਂਟ ਅਸਿਸਟੈਂਸ (ਸੀ ਈ ਸੀ ਆਰ ਏ) ਦੇ ਸਬੰਧ ਵਿੱਚ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਹੈ ਕਿ ਨਿੱਕੇ ਕਾਰੋਬਾਰਾਂ ਦੀ ਮਦਦ ਕਰਨ ਵਿੱਚ ਟਰੂਡੋ ਸਰਕਾਰ ਅਸਫਲ ਰਹੀ ਹੈ।



ਉਨ੍ਹਾਂ ਆਖਿਆ ਕਿ ਜਸਟਿਨ ਟਰੂਡੋ ਦਾ ਅਸਫਲ ਰੈਂਟ ਅਸਿਸਟੈਂਸ ਪ੍ਰੋਗਰਾਮ ਖਤਮ ਹੋ ਚੁੱਕਿਆ ਹੈ। ਲਿਬਰਲ ਸਰਕਾਰ ਕੋਲ ਸੈਕਿੰਡ ਵੇਵ ਦੇ ਮੱਦੇਨਜ਼ਰ ਨਿੱਕੇ ਕਾਰੋਬਾਰਾਂ ਤੇ ਉਨ੍ਹਾਂ ਦੇ ਕਰਮਚਾਰੀਆਂ ਦੀ ਮਦਦ ਲਈ ਕੋਈ ਪਲੈਨ ਨਹੀਂ ਹੈ। ਦੋਵਾਂ ਆਗੂਆਂ ਨੇ ਆਖਿਆ ਕਿ ਲਿਬਰਲਾਂ ਦਾ ਇਹ ਰੈਂਟ ਅਸਿਸਟੈਂਸ ਪ੍ਰੋਗਰਾਮ ਬਹੁਤ ਵੱਡੀ ਨਾਕਾਮੀ ਰਿਹਾ ਹੈ। ਕੈਨੇਡਾ ਵਿੱਚ ਮੌਜੂਦ 90 ਫੀ ਸਦੀ ਨਿੱਕੇ ਕਾਰੋਬਾਰਾਂ ਲਈ ਇਸ ਤਹਿਤ ਕੁੱਝ ਵੀ ਨਹੀਂ ਕੀਤਾ ਗਿਆ ਸਗੋਂ ਦੇਸ਼ ਭਰ ਵਿੱਚ ਕਾਰੋਬਾਰੀਆਂ ਵੱਲੋਂ ਇਸ ਦੀ ਨੁਕਤਾਚੀਨੀ ਜ਼ਰੂਰ ਕੀਤੀ ਗਈ। ਇਸ ਪ੍ਰੋਗਰਾਮ ਨਾਲ ਲੈਂਡਲੌਰਡਜ਼ ਦੀ ਨਹੀ ਸਗੋਂ ਨਿੱਕੇ ਕਾਰੋਬਾਰਾਂ ਦੀ ਮਦਦ ਹੋਣੀ ਚਾਹੀਦੀ ਸੀ।

...ਬਾਕੀ ਪੰਨਾ 6 'ਤੇ

## ਅਮਰੀਕਾ ਤੇ ਇਰਾਕ ਦਰਮਿਆਨ ਤਣਾਅ ਵਧਿਆ

### ਕੈਨੇਡੀਅਨ ਸੈਨਿਕਾਂ ਵਾਲੇ ਅਮਰੀਕੀ ਟਿਕਾਣੇ 'ਤੇ ਵੀ ਹਮਲਾ

ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਤੇ ਇਰਾਕ ਦਰਮਿਆਨ ਵਧੇ ਤਣਾਅ ਕਾਰਨ ਆਈਐਸਆਈਐਸ ਨਾਲ ਜਾਰੀ ਲੜਾਈ ਵਿੱਚ ਪਿਛਲੇ ਛੇ ਸਾਲਾਂ ਤੋਂ ਅਮਰੀਕਾ ਦਾ ਸਾਥ ਦੇ ਰਹੀਆਂ ਕੈਨੇਡੀਅਨ ਫੌਜੀ ਟੁਕੜੀਆਂ ਦੀਆਂ ਵੀ ਮੁਸ਼ਕਲਾਂ ਵੱਧ ਗਈਆਂ ਹਨ।

ਵਾਸ਼ਿੰਗਟਨ ਤੇ ਬਗਦਾਦ ਦਰਮਿਆਨ ਵਿਵਾਦ ਇਰਾਕ ਵਿੱਚ ਸਰਗਰਮ ਇਰਾਨ ਦੇ ਥਾਪੜੇ ਵਾਲੇ ਮਲੀਸ਼ੀਆ ਗਰੁੱਪਸ ਕਾਰਨ ਹੈ, ਜਿਨ੍ਹਾਂ ਨੇ ਪਿਛਲੇ ਹਫਤਿਆਂ ਵਿੱਚ ਅਮਰੀਕਾ ਖਿਲਾਫ ਹਮਲੇ ਤੇਜ਼ ਕਰ ਦਿੱਤੇ ਹਨ। ਇਨ੍ਹਾਂ ਮਲੀਸ਼ੀਆ ਗਰੁੱਪਸ ਵੱਲੋਂ ਬਗਦਾਦ ਵਿੱਚ ਅਮਰੀਕੀ ਅੰਬੈਸੀ ਉੱਤੇ ਕਈ ਰਾਕੇਟ ਹਮਲੇ ਕੀਤੇ ਗਏ। ਇਸ ਤੋਂ ਇਲਾਵਾ ਬੁੱਧਵਾਰ ਨੂੰ ਅਮਰੀਕੀ ਮਿਲਟਰੀ ਟਿਕਾਣੇ ਉੱਤੇ ਵੀ ਹਵਾਈ ਹਮਲੇ ਕੀਤੇ ਗਏ, ਜਿੱਥੇ ਦਰਜਨਾਂ ਕੈਨੇਡੀਅਨ ਸੈਨਿਕ ਵੀ ਰਹਿੰਦੇ ਹਨ।



ਅਮਰੀਕੀ ਮਿਲਟਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਰਾਕ ਦੇ ਕੁਰਦਿਸਤਾਨ ਇਲਾਕੇ ਵਿੱਚ ਇਰਬਿਲ ਸ਼ਹਿਰ ਦੇ ਨੇੜੇ ਸਥਿਤ ਇਨ੍ਹਾਂ ਟਿਕਾਣਿਆਂ ਨੂੰ ਰਾਕੇਟ ਨਿਸ਼ਾਨਾ ਨਹੀਂ ਬਣਾ ਸਕੇ। ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਦਾ ਕਹਿਣਾ ਹੈ ਕਿ ਇਨ੍ਹਾਂ ਟਿਕਾਣਿਆਂ ਉੱਤੇ ਮੌਜੂਦ ਕੈਨੇਡੀਅਨ ਜਵਾਨ ਵੀ ਸਹੀ ਸਲਾਮਤ ਹਨ।

ਇਸ ਸਮੇਂ ਇਰਾਕ ਵਿੱਚ ਕੈਨੇਡਾ ਦੇ 170 ਫੌਜੀ ਜਵਾਨ ਮੌਜੂਦ ਹਨ। ਇਨ੍ਹਾਂ ਵਿੱਚ ਸਪੈਸ਼ਲ ਫੋਰਸਿਜ਼ ਦੇ ਉਹ ਸੈਨਿਕ ਵੀ ਸ਼ਾਮਲ ਹਨ ਜਿਹੜੇ ਇਰਬਿਲ ਤੋਂ ਬਾਹਰ ਕੰਮ ਕਰ ਰਹੇ ਹਨ ਤੇ ਇੱਕ ਹੋਰ ਗਰੁੱਪ ਦੱਖਣ ਵਿੱਚ ਨਾਟੋ ਦੀ ਅਗਵਾਈ ਵਾਲੇ ਟਰੇਨਿੰਗ ਮਿਸ਼ਨ ਦਾ ਵੀ ਹਿੱਸਾ ਹੈ। ਇਰਾਕ ਵਿੱਚ ਕੈਨੇਡਾ ਦੇ ਅੰਬੈਸਡਰ ਵੱਲੋਂ ਇਰਾਕ ਦੇ ਪ੍ਰਧਾਨ ਮੰਤਰੀ ਮੁਸਤਫਾ ਅਲ ਕਾਦਮੀ ਨਾਲ ਮੁਲਾਕਾਤ ਤੋਂ ਬਾਅਦ ਇਨ੍ਹਾਂ ਹਮਲਿਆਂ ਉੱਤੇ ਚਿੰਤਾ ਪ੍ਰਗਟਾਈ ਗਈ ਹੈ।

## ਰੈਬਾ ਦੇ ਸਬੰਧ ਵਿੱਚ ਸਰਕਾਰ ਨੇ ਪੇਸ਼ ਕੀਤੇ ਨਵੇਂ ਤੇ ਸੋਧੇ ਹੋਏ ਰੈਗੂਲੇਸ਼ਨਜ਼

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਪਰਸਨਲ ਰੀਅਲ ਅਸਟੇਟ ਕਾਰਪੋਰੇਸ਼ਨਜ਼ (ਪੀ ਆਰ ਈ ਸੀਜ਼) ਅਤੇ ਐਡਵਰਟਾਈਜ਼ਿੰਗ ਟਰਮਜ਼ ਦੇ ਸਬੰਧ ਵਿੱਚ ਓਨਟਾਰੀਓ ਸਰਕਾਰ ਵੱਲੋਂ ਰੀਅਲ ਅਸਟੇਟ ਐਂਡ ਬਿਜ਼ਨਸ ਬਰੋਕਰਜ਼ ਐਕਟ 2002 (ਰੈਬਾ) ਵਿੱਚ ਪਹਿਲੀ ਅਕਤੂਬਰ, 2020 ਤੋਂ ਨਵੇਂ ਤੇ ਸੋਧੇ ਹੋਏ ਰੈਗੂਲੇਸ਼ਨਜ਼ ਪੇਸ਼ ਕੀਤੇ ਗਏ ਹਨ। ...ਬਾਕੀ ਪੰਨਾ 6 'ਤੇ



Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 | Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) | Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Canada Consumer Credit Assistance | ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal, Qualified Credit Counsellor
www.MakeMeDebtFree.ca | 416-502-3100 | Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA, Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill, Certified & Licenced Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya, Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor


Royal Pest Control
Residential | Commercial | Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley, Barrister, Solicitor & Notary Public
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER | SOLICITOR | NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਪਰਸਨਲ ਸਪੋਰਟ ਵਰਕਰਜ਼ ਲਈ ਭੱਤਿਆਂ ਵਿੱਚ ਵਾਧਾ ਅੱਜ ਤੋਂ




ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਪਰਸਨਲ ਸਪੋਰਟ ਵਰਕਰਜ਼ (ਪੀਐਸਡਬਲਿਊਜ਼) ਲਈ ਭੱਤਿਆਂ ਵਿੱਚ ਇਜਾਫਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਨਾਲ ਹੋਮ ਐਂਡ ਕਮਿਊਨਿਟੀ ਕੇਅਰ, ਲਾਂਗ ਟਰਮ ਕੇਅਰ, ਪਬਲਿਕ ਹਸਪਤਾਲਾਂ ਤੇ ਸੋਸ਼ਲ ਸਰਵਿਸਿਜ਼ ਸੈਕਟਰਜ਼ ਵਿੱਚ ਕੰਮ ਕਰਨ ਵਾਲੇ ਵਰਕਰਜ਼ ਨੂੰ ਫਾਇਦਾ ਹੋਵੇਗਾ।

ਇਹ ਵਾਧਾ ਪਹਿਲੀ ਅਕਤੂਬਰ, 2020 ਤੋਂ ਲਾਗੂ ਹੋਵੇਗਾ ਤੇ ਇਸ ਨਾਲ 147,000 ਵਰਕਰਜ਼ ਨੂੰ ਲਾਭ ਹੋਵੇਗਾ, ਇਹ ਵਧਾ ਹੇਠ ਲਿਖੇ ਮੁਤਾਬਕ ਹੋਵੇਗਾ :

- ਹੋਮ ਐਂਡ ਕਮਿਊਨਿਟੀ ਕੇਅਰ ਨਾਲ ਸਬੰਧਤ ਅੰਦਾਜ਼ਨ 38,000 ਯੋਗ ਵਰਕਰਜ਼ ਨੂੰ 3 ਡਾਲਰ ਪ੍ਰਤੀ ਘੰਟਾ ਹੋਰ ਮਿਲਣਗੇ
- ਲਾਂਗ ਟਰਮ ਕੇਅਰ ਨਾਲ ਸਬੰਧਤ ਅੰਦਾਜ਼ਨ 50,000 ਯੋਗ ਵਰਕਰਜ਼ ਨੂੰ 3 ਡਾਲਰ ਪ੍ਰਤੀ ਘੰਟਾ ਹੋਰ ਮਿਲਣਗੇ
- ਪਬਲਿਕ ਹਸਪਤਾਲਾਂ ਵਿੱਚ ਕੰਮ ਕਰਨ ਵਾਲੇ ਅੰਦਾਜ਼ਨ 12,300 ਯੋਗ ਵਰਕਰਜ਼ ਨੂੰ 2 ਡਾਲਰ ਪ੍ਰਤੀ ਘੰਟਾ ਹੋਰ ਮਿਲਣਗੇ
- ਬੱਚਿਆਂ, ਕਮਿਊਨਿਟੀ ਤੇ ਸੋਸ਼ਲ ਸਰਵਿਸਿਜ਼ ਤਹਿਤ ਰੋਜ਼ਾਨਾ ਦੀਆਂ ਗਤੀਵਿਧੀਆਂ ਲਈ ਨਿਜੀ ਤੇ ਸਿੱਧੀ ਮਦਦ ਮੁਹੱਈਆ ਕਰਵਾਉਣ ਨਾਲ ਸਬੰਧਤ ਅੰਦਾਜ਼ਨ 47,000 ਯੋਗ ਵਰਕਰਜ਼ ਨੂੰ 3 ਡਾਲਰ ਪ੍ਰਤੀ ਘੰਟਾ ਹੋਰ ਮਿਲਣਗੇ

ਸਰਕਾਰ ਦੇ ਅੰਦਾਜ਼ੇ ਮੁਤਾਬਕ ਇਸ ਵਾਧੇ ਨਾਲ ਸਰਕਾਰੀ ਖ਼ਜ਼ਾਨੇ ਉੱਤੇ 461 ਮਿਲੀਅਨ ਡਾਲਰ ਦਾ ਬੋਝ ਪਵੇਗਾ। ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਹ ਪਰਸਨਲ ਸਪੋਰਟ ਵਰਕਰਜ਼ ਦੀ ਮਦਦ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਆਰਜ਼ੀ ਤੌਰ ਉੱਤੇ ਭੱਤਿਆਂ ਵਿੱਚ ਇਸ ਵਾਧੇ ਦਾ ਨਿਯਮਤ ਮੁਲਾਂਕਣ ਕੀਤਾ ਜਾਵੇਗਾ ਤੇ ਇਸ ਨੂੰ 31 ਮਾਰਚ, 2021 ਤੱਕ ਵਧਾਇਆ ਜਾ ਸਕਦਾ ਹੈ।

# ਓਸ਼ਵਾ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਹੋਇਆ ਕੋਵਿਡ-19 ਆਊਟਬ੍ਰੇਕ

ਓਸਵਾ, 1 ਅਕਤੂਬਰ (ਪੋਸਟ ਬਿਊਰੋ) : ਓਸ਼ਵਾ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਕੋਵਿਡ-19 ਆਊਟਬ੍ਰੇਕ ਦਾ ਮਾਮਲਾ ਸਾਹਮਣੇ ਆਇਆ ਹੈ।

ਦਰਹਾਮ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਵੈਂਟਵਰਥ ਸਟਰੀਟ ਉੱਤੇ ਕੈਰੇਬੀਅਨ ਕਲਚਰਲ ਸੈਂਟਰ ਵਿਖੇ 19 ਸਤੰਬਰ ਨੂੰ ਹੋਏ ਇੱਕ ਵਿਆਹ ਸਮਾਰੋਹ ਵਿੱਚ ਅੱਠ ਵਿਅਕਤੀ ਕੋਵਿਡ-19 ਪਾਜ਼ੀਟਿਵ ਪਾਏ ਗਏ। ਦਰਹਾਮ ਰੀਜਨ ਹੈਲਥ ਡਿਪਾਰਟਮੈਂਟ ਵੱਲੋਂ ਇਸ ਵਿਆਹ ਸਮਾਰੋਹ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਜਲਦ ਤੋਂ ਜਲਦ ਹੈਲਥ ਡਿਪਾਰਟਮੈਂਟ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।



ਪਬਲਿਕ ਹੈਲਥ ਵੱਲੋਂ ਵੀ ਦੋ ਲੋਕਲ ਵਰਕਪਲੇਸਿਜ਼ ਨਾਲ ਸੰਪਰਕ ਕੀਤਾ ਗਿਆ ਹੈ ਪਰ ਇਹ ਖੁਲਾਸਾ ਨਹੀਂ ਕੀਤਾ ਗਿਆ ਕਿ ਇਹ ਕਿਹੜੀਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਬਹੁਤ ਜ਼ਰੂਰੀ ਹੈ ਕਿ ਇਸ ਵਿਆਹ ਵਿੱਚ ਹਿੱਸਾ ਲੈਣ ਵਾਲੇ ਜਲਦ ਤੋਂ ਜਲਦ ਹੈਲਥ ਡਿਪਾਰਟਮੈਂਟ ਦੇ ਸਟਾਫ ਨਾਲ ਸੰਪਰਕ ਕਰਨ ਤਾਂ ਕਿ ਉਹ ਸਹੀ ਢੰਗ ਨਾਲ ਫੌਲੋ ਅੱਪ ਕਰ ਸਕਣ।

# ਚੱਲਦੀ ਗੱਡੀ ਵਿੱਚੋਂ ਮਾਰੀ ਗਈ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ

ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਸ਼ਹਿਰ ਦੇ ਪੱਛਮੀ ਸਿਰੇ ਉੱਤੇ ਚੱਲਦੀ ਗੱਡੀ ਵਿੱਚੋਂ ਚਲਾਈ ਗਈ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਟੋਰਾਂਟੋ ਪੁਲਿਸ ਦੇ ਇੰਸਪੈਕਟਰ ਪਾਲ ਰਿੰਕੌਫ ਦਾ ਕਹਿਣਾ ਹੈ ਕਿ ਇਹ ਘਟਨਾ ਜੇਨ ਸਟਰੀਟ ਤੇ ਲਾਅਰੈਂਸ ਐਵਨਿਊ ਨੇੜੇ ਵੀਰਵਾਰ ਸਵੇਰੇ 9:15 ਵਜੇ ਵਾਪਰੀ। ਪੁਲਿਸ ਦਾ ਕਹਿਣਾ ਹੈ ਕਿ ਇਹ ਵਿਅਕਤੀ ਆਪਣੀ ਮਹਿਲਾ ਸਾਥੀ ਨਾਲ ਆਪਣੇ ਨਵਜੰਮੇਂ ਬੱਚੇ ਨੂੰ ਹਸਪਤਾਲ ਲਿਜਾਣ ਦੇ ਇਰਾਦੇ ਨਾਲ ਪਾਰਕ ਕੀਤੀ ਗਈ ਗੱਡੀ ਵੱਲ ਜਾ ਰਿਹਾ ਸੀ ਜਦੋਂ ਅਚਾਨਕ ਇੱਕ ਗੱਡੀ ਵਿੱਚ ਸਵਾਰ ਦੋ ਮਸ਼ਕੂਕਾਂ ਨੇ ਇਸ ਜੋੜੇ ਉੱਤੇ ਗੋਲੀਆਂ ਚਲਾ ਦਿੱਤੀਆਂ।



ਰਿੰਕੌਫ ਨੇ ਆਖਿਆ ਕਿ ਇਹ ਦਿਨ ਦਿਹਾੜੇ ਵਾਪਰੀ ਦਿਲ ਦਹਿਲਾ ਦੇਣ ਵਾਲੀ ਘਟਨਾ ਹੈ। ਉਨ੍ਹਾਂ ਆਖਿਆ ਕਿ ਇਹ ਸਮਾਂ ਦਿਨ ਦਾ ਉਹ ਸਮਾਂ ਹੁੰਦਾ ਹੈ ਜਦੋਂ ਲੋਕ ਆਪਣੇ ਬੱਚਿਆਂ ਨੂੰ ਸਕੂਲ ਲੈ ਕੇ ਜਾਂਦੇ ਹਨ, ਜਦੋਂ ਲੋਕ ਕੰਮ ਉੱਤੇ ਜਾਂਦੇ ਹਨ ਤੇ ਇਸ ਤਰ੍ਹਾਂ ਦੀ ਘਟਨਾ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇੱਥੇ ਦੱਸਣਾ ਬਣਦਾ ਹੈ ਕਿ 27 ਸਾਲਾ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਮਹਿਲਾ ਤੇ ਬੱਚੇ ਨੂੰ ਕੋਈ ਸੱਟ-ਫੇਟ ਨਹੀਂ ਲੱਗੀ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਦੀ ਗੱਡੀ 4 ਦਰਵਾਜ਼ਿਆਂ ਵਾਲੀ ਸੇਡਾਨ ਦੱਸੀ ਜਾਂਦੀ ਹੈ। ਇਸ ਗੱਡੀ ਨੂੰ ਆਖਰੀ ਵਾਰੀ ਲਾਅਰੈਂਸ ਵੱਲ ਜਾਂਦਿਆਂ ਵੇਖਿਆ ਗਿਆ।

# ਐਲੀਮੈਂਟਰੀ ਵਿਦਿਆਰਥੀਆਂ ਵਿੱਚੋਂ ਅੱਧੇ ਕਰ ਰਹੇ ਹਨ ਆਨਲਾਈਨ ਪੜ੍ਹਾਈ



ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਹੌਟ ਸਪੌਟ ਬਣੇ ਪੱਛਮ ਵਿੱਚ ਅੱਧੇ ਪਬਲਿਕ ਐਲੀਮੈਂਟਰੀ ਸਕੂਲਾਂ ਦੇ ਬੱਚੇ ਆਨਲਾਈਨ ਪੜ੍ਹਾਈ ਕਰ ਰਹੇ ਹਨ। ਇਹ ਜਾਣਕਾਰੀ ਸਕੂਲ ਬੋਰਡ ਵੱਲੋਂ ਮੁਹੱਈਆ ਕਰਵਾਏ ਗਏ ਡਾਟਾ ਤੋਂ ਹਾਸਲ ਹੋਈ।

ਇਹ ਅੰਕੜਾ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਆਨਲਾਈਨ ਪੜ੍ਹ ਰਹੇ 35 ਫੀ ਸਦੀ ਐਲੀਮੈਂਟਰੀ ਵਿਦਿਆਰਥੀਆਂ ਦੇ ਮੁਕਾਬਲੇ ਸਾਂਝਾ ਕੀਤਾ ਗਿਆ ਹੈ। ਇਸ ਦੌਰਾਨ ਪੀਲ ਬੋਰਡ ਦੇ ਸੈਕੰਡਰੀ ਸਕੂਲਜ਼ ਅਜਿਹੇ ਮਾਡਲ ਉੱਤੇ ਚੱਲ ਰਹੇ ਹਨ ਜਿਸ ਵਿੱਚ ਵਿਦਿਆਰਥੀ ਇਹ ਚੋਣ ਕਰਦੇ ਹਨ ਕਿ ਉਨ੍ਹਾਂ ਨੂੰ ਆਨਲਾਈਨ ਕਲਾਸਾਂ ਲਾਉਣੀਆਂ ਹਨ ਜਾਂ ਸਕੂਲ ਜਾ ਕੇ ਪੜ੍ਹਾਈ ਕਰਨੀ ਹੈ।

ਪੀਲ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਮਹਾਂਮਾਰੀ ਦੌਰਾਨ ਕੋਵਿਡ-19 ਦੇ 9707 ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿੱਚੋਂ 8396 ਸਿਹਤਯਾਬ ਹੋ ਚੁੱਕੇ ਹਨ ਤੇ ਇਸ ਨਾਲ 329 ਮੌਤਾਂ ਹੋਈਆਂ ਹਨ।

# ਅਮਰੀਕੀ ਨਾਗਰਿਕਾਂ ਲਈ ਹੁਣ ਨਹੀ ਖੋਲ੍ਹੀਆਂ ਜਾਣਗੀਆਂ ਟੋਰਾਂਟੋ ਰੈਪਟਰਜ਼ ਤੇ ਸਕੋਸ਼ੀਆਬੈਂਕ ਫੈਸਿਲਿਟੀਜ਼

ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਰੈਪਟਰਜ਼ ਤੇ ਸਕੋਸ਼ੀਆਬੈਂਕ ਅਰੇਨਾ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਉਹ ਕੋਵਿਡ-19 ਮਾਮਲਿਆਂ ਵਿੱਚ ਹੋ ਰਹੇ ਇਜਾਫੇ ਦੇ ਮੱਦੇਨਜ਼ਰ ਅਮਰੀਕੀ ਨਾਗਰਿਕਾਂ ਨੂੰ ਵੋਟ ਰਜਿਸਟਰ ਕਰਨ ਲਈ ਇਨ੍ਹਾਂ ਫੈਸਿਲਿਟੀਜ਼ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਣਗੇ।

ਇਸ ਦੀ ਥਾਂ ਵੋਟਰਾਂ ਨੂੰ ਆਨਲਾਈਨ ਰਜਿਸਟਰ ਕਰਨ ਦੀ ਬੇਨਤੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਚੋਣਾਂ ਨਾਲ ਸਬੰਧਤ ਗਤੀਵਿਧੀਆਂ ਲਈ




ਐਨਬੀਏ ਤੇ ਹੋਰ ਸਪੋਰਟਸ ਪੱਖੀ ਟੀਮਾਂ ਵੱਲੋਂ ਆਪਣੀਆਂ ਫੈਸਿਲਿਟੀਜ਼ ਨੂੰ ਦੇਣ ਦੀ ਪੇਸ਼ਕਸ਼ ਕੀਤੀ ਸੀ ਤੇ ਐਬਸੈਂਟੀ ਬੈਲਟਸ ਲਈ ਅਮੈਰੀਕਨ ਰਜਿਸਟ੍ਰੇਸ਼ਨ ਨੂੰ ਸਹਿਯੋਗ ਦੇਣ ਲਈ ਵਾਲੰਟੀਅਰਜ਼ ਨੇ ਇਸ ਹਫਤੇ ਟੋਰਾਂਟੋ ਸਕੋਸ਼ੀਆ ਬੈਂਕ ਅਰੇਨਾ ਪਹੁੰਚਣ ਦੀ ਯੋਜਨਾ ਬਣਾਈ ਸੀ।

ਟੀਮ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਇੰਡੋਰ ਹੋਣ ਵਾਲੇ ਇੱਕਠਾਂ ਉੱਤੇ ਲਾਈਆਂ ਗਈਆਂ ਪਾਬੰਦੀਆਂ ਕਾਰਨ ਇਹ ਫੈਸਲਾ ਕੀਤਾ ਗਿਆ ਹੈ ਕਿ ਅਜਿਹੇ ਹਾਲਾਤ ਵਿੱਚ ਸਕੋਸ਼ੀਆਬੈਂਕ ਅਰੇਨਾ ਵਿੱਚ ਲੋਕਾਂ ਦਾ ਵੱਡਾ ਇੱਕਠ ਸਹੀ ਨਹੀਂ ਹੋਵੇਗਾ।

# ਟੋਰਾਂਟੋ ਦੇ ਬਾਰਜ਼ ਤੇ ਰੈਸਟੋਰੈਂਟਸ ਉਤੇ ਪਾਬੰਦੀਆਂ ਕੱਸਣ ਲਈ ਸਿਟੀ ਕਾਉਂਸਲ ਨੇ ਸਰਬਸੰਮਤੀ ਨਾਲ ਪਾਈ ਵੋਟ



ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਬਾਰਜ਼ ਤੇ ਰੈਸਟੋਰੈਂਟਸ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਟੋਰਾਂਟੋ ਸਿਟੀ ਕਾਉਂਸਲ ਵੱਲੋਂ ਕਈ ਨਵੇਂ ਮਾਪਦੰਡਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਇਨ੍ਹਾਂ ਬਾਰਜ਼ ਤੇ ਰੈਸਟੋਰੈਂਟਸ ਉੱਤੇ ਨਵੇਂ ਮਾਪਦੰਡ ਲਾਗੂ ਕਰਨ ਲਈ ਬੋਰਡ ਵੱਲੋਂ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ। ਇਸ ਦੌਰਾਨ ਲੋਕਾਂ ਦੇ ਇੱਕਠ ਦੀ ਹੱਦ 100 ਤੋਂ ਘਟਾ ਕੇ 75 ਕਰ ਦਿੱਤੀ ਗਈ ਹੈ ਤੇ ਹੁਣ ਇੱਕ ਟੇਬਲ ਉੱਤੇ 10 ਦੀ ਥਾਂ ਉੱਤੇ ਛੇ ਲੋਕ ਹੀ ਇੱਕ ਵਾਰੀ ਵਿੱਚ ਬੈਠ ਸਕਣਗੇ। ਇਸ ਤੋਂ ਇਲਾਵਾ, ਟੇਬਲ ਉੱਤੇ ਮੌਜੂਦ ਹਰ ਵਿਅਕਤੀ ਨੂੰ ਕਾਂਟੈਕਟ ਟਰੇਸਿੰਗ ਵਜੋਂ ਆਪਣੀ ਨਿਜੀ ਜਾਣਕਾਰੀ ਇੰਪਲੌਈ ਕੋਲ ਛੱਡਣੀ ਹੋਵੇਗੀ।

ਮੇਅਰ ਜੌਹਨ ਟੋਰੀ ਨੇ ਆਖਿਆ ਕਿ ਇਹ ਮੁਸ਼ਕਲ ਫੈਸਲਾ ਹੈ ਪਰ ਲੋਕਾਂ ਨੂੰ ਸਿਹਤਮੰਦ ਰੱਖਣ ਤੇ ਆਰਥਿਕ ਸਥਿਰਤਾ ਨੂੰ ਬਰਕਰਾਰ ਰੱਖਣ ਲਈ ਇਹ ਜ਼ਰੂਰੀ ਵੀ ਹੈ। ਮੇਅਰ ਨੇ ਆਖਿਆ ਕਿ ਅਸੀਂ ਉਹੀ ਕੁੱਝ ਕਰ ਰਹੇ ਹਾਂ ਜੋ ਠੀਕ ਹੈ। ਇਨ੍ਹਾਂ ਨਿਯਮਾਂ ਦੀ ਪਾਲਣਾ ਨਾ ਕਰਨ ਦੇ ਜਿਹੜੇ ਨਤੀਜੇ ਨਿਕਲਦੇ ਹਨ ਉਨ੍ਹਾਂ ਤੋਂ ਅਸੀਂ ਭਲੀ ਭਾਂਤ ਜਾਣੂ ਹਾਂ। ਇਨ੍ਹਾਂ ਨਵੀਆਂ ਪਾਬੰਦੀਆਂ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਇਸ ਬਾਰੇ ਅਜੇ ਸਥਿਤੀ ਸਪਸ਼ਟ ਨਹੀਂ ਹੈ।

# ਮਾਰਖਮ ਦੀ ਹਵੇਲੀ ਵਿੱਚ ਯੌਰਕ ਪੁਲਿਸ ਨੇ ਮਾਰਿਆ ਛਾਪਾ, ਗੈਰਕਾਨੂੰਨੀ ਕੈਸੀਨੋ ਤੇ ਸਪਾਅ ਮਿਲਿਆ

ਮਾਰਖਮ, 1 ਅਕਤੂਬਰ (ਪੋਸਟ ਬਿਊਰੋ) : ਸਰਚ ਵਾਰੰਟ ਤਹਿਤ ਮਾਰਖਮ ਸਥਿਤ 20,000 ਸਕੁਏਅਰ ਫੁੱਟ ਦੀ ਇੱਕ ਹਵੇਲੀ ਵਿੱਚ ਮਾਰੇ ਗਏ ਛਾਪੇ ਅਤੇ ਲਈ ਗਈ ਤਲਾਸ਼ੀ ਤੋਂ ਬਾਅਦ ਯੌਰਕ ਪੁਲਿਸ ਨੂੰ ਉੱਥੇ ਇੱਕ ਗੈਰਕਾਨੂੰਨੀ ਕੈਸੀਨੋ ਤੇ ਸਪਾਅ ਮਿਲਿਆ। ਇਸ ਕੈਸੀਨੋ ਤੇ ਸਪਾਅ ਨੂੰ ਪੂਰੀ ਤਰ੍ਹਾਂ ਆਪਰੇਟ ਕੀਤਾ ਜਾ ਰਿਹਾ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਮੇਜਰ ਮੈਕੈਂਜ਼ੀ ਤੇ ਵਾਰਡਨ ਨੇੜੇ ਡੀਕਰਸੀ ਕੋਰਟ ਉੱਤੇ ਸਥਿਤ ਇਸ ਹਵੇਲੀ ਦੀ ਲਈ ਗਈ ਤਲਾਸ਼ੀ ਦੌਰਾਨ ਇੱਥੋਂ 11 ਗੰਨਜ਼ ਤੇ ਇੱਕ ਮਿਲੀਅਨ ਡਾਲਰ ਦੀ ਨਕਦੀ ਵੀ ਬਰਾਮਦ ਹੋਈ। ਇਸ ਆਲੀਸ਼ਾਨ ਹਵੇਲੀ ਦੀ ਤਲਾਸ਼ੀ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਗੇਮਿੰਗ ਮਸ਼ੀਨਾਂ ਤੇ ਟੇਬਲ ਦੇ ਨਾਲ ਨਾਲ 1.5 ਮਿਲੀਅਨ ਡਾਲਰ ਤੋਂ ਵੱਧ ਦੀ ਸ਼ਰਾਬ ਵੀ ਮਿਲੀ।

ਇਸ ਦੌਰਾਨ 32 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਚੀਫ ਜਿੰਮ ਮੈਕਸਵੀਨ ਨੇ ਆਖਿਆ ਕਿ ਇਸ ਤਰ੍ਹਾਂ ਦੇ ਗੈਰਕਾਨੂੰਨੀ ਤੇ ਅੰਡਰਗ੍ਰਾਊਂਡ ਕੈਸੀਨੋਜ਼ ਰਾਹੀਂ ਅਜਿਹੇ ਮੁਜਰਮਾਂ ਨੂੰ ਮੁਨਾਫਾ ਹੁੰਦਾ ਹੈ ਜਿਹੜੇ ਹੋਰਨਾਂ ਗਲਤ ਧੰਦਿਆ ਜਿਵੇਂ ਕਿ ਵੇਸਵਾਗਮਨੀ ਤੇ ਨਸ਼ਿਆਂ ਦੀ ਸਮਗਲਿੰਗ ਨੂੰ ਹੋਰ ਹੱਲਾਸ਼ੇਰੀ ਦਿੰਦੇ ਹਨ।

ਜ਼ਿਕਰਯੋਗ ਹੈ ਕਿ "ਪ੍ਰੋਜੈਕਟ ਐਂਡ ਗੇਮ" ਮਈ ਵਿੱਚ ਉਦੋਂ ਸ਼ੁਰੂ ਕੀਤਾ ਗਿਆ ਸੀ ਜਦੋਂ ਪੁਲਿਸ ਨੂੰ ਮਾਰਖਮ ਵਿੱਚ ਕਈ ਥਾਂਵਾਂ ਉੱਤੇ ਅੰਡਰਗ੍ਰਾਊਂਡ ਕੈਸੀਨੋਜ਼ ਚਲਾਏ ਜਾਣ ਦੀ ਸੂਹ ਮਿਲੀ ਸੀ। ਇਸ ਜਾਂਚ ਦੌਰਾਨ ਜੁਲਾਈ ਵਿੱਚ ਦੋ ਥਾਂਵਾਂ ਉੱਤੇ ਛਾਪੇ ਮਾਰੇ ਗਏ ਤੇ 45 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਵਿੱਚੋਂ 33 ਨੂੰ 70 ਤੋਂ ਵੱਧ ਜੁਰਮਾਂ ਲਈ ਚਾਰਜ ਕੀਤਾ

# ਸ਼ੂਟਿੰਗ ਦੀ ਘਟਨਾ ਦੇ ਸਬੰਧ ਵਿੱਚ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਜੇਨ ਤੇ ਫਿੰਚ ਨੇੜੇ ਵਾਪਰੀ ਗੋਲੀ ਚੱਲਣ ਦੀ ਘਟਨਾ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੂੰ ਰਾਤੀਂ 9:35 ਵਜੇ ਡਰਿਫਟਵੁੱਡ ਐਵਨਿਊ ਤੇ ਯੌਰਕਵੁੱਡਜ਼ ਗੇਟ ਇਲਾਕੇ ਵਿੱਚ ਗੋਲੀ ਚੱਲਣ ਦੀਆਂ ਰਿਪੋਰਟਾਂ ਮਿਲੀਆਂ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੂੰ ਗੋਲੀਆਂ ਦੇ ਕਈ ਖੋਲ ਵੀ ਮਿਲੇ। ਚਸ਼ਮਦੀਦਾਂ ਅਨੁਸਾਰ ਇੱਕ ਵਿਅਕਤੀ ਨੂੰ ਇਲਾਕੇ ਤੋਂ ਗੱਡੀ ਵਿੱਚ ਫਰਾਰ ਹੁੰਦਿਆਂ ਵੇਖਿਆ ਗਿਆ। ਗੱਡੀ ਚਿੱਟੇ ਰੰਗ ਦੀ ਸਿਲਵਰ ਰਿੰਮਜ਼ ਵਾਲੀ ਦੱਸੀ ਗਈ। ਪੁਲਿਸ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ। ਇੱਕ ਦੇ ਵਾਲ ਗੁੰਦੇ ਹੋਏ ਸਨ ਤੇ ਉਸ ਨੇ ਚਿੱਟੇ ਰੰਗ ਦੀ ਪੈਂਟ ਤੇ ਚਿੱਟਾ ਸਵੈਟਰ ਪਾਇਆ ਹੋਇਆ ਸੀ। ਦੂਜੇ ਵਿਅਕਤੀ ਨੇ ਕਾਲੇ ਰੰਗ ਦਾ ਸਵੈਟਰ, ਕਾਲੀ ਜੈਕੇਟ ਤੇ ਜੀਨਜ਼ ਪਾਈ ਹੋਈ ਸੀ।

# ਸਕੂਲਜ਼ ਤੇ ਚਾਈਲਡ ਕੇਅਰ ਸੈਂਟਰਜ਼ ਲਈ ਪ੍ਰੋਵਿੰਸ ਨੇ ਕੋਵਿਡ-19 ਸਕਰੀਨਿੰਗ ਪ੍ਰੋਟੋਕਾਲ ਵਿੱਚ ਕੀਤੀਆਂ ਤਬਦੀਲੀਆਂ


ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਸਕੂਲਾਂ ਤੇ ਚਾਈਲਡ ਕੇਅਰ ਸੈਂਟਰਜ਼ ਉੱਤੇ ਕੋਵਿਡ-19 ਸਕਰੀਨਿੰਗ ਪ੍ਰੋਟੋਕਾਲ ਵਿੱਚ ਕਈ ਤਬਦੀਲੀਆਂ ਕੀਤੀਆਂ ਗਈਆਂ ਹਨ।

ਸ਼ੁੱਕਰਵਾਰ ਤੋਂ ਇਹ ਤਬਦੀਲੀਆਂ ਲਾਗੂ ਹੋ ਜਾਣਗੀਆਂ ਅਤੇ ਬੱਚੇ ਨੂੰ ਉਸ ਸਮੇਂ ਹੀ ਘਰ ਰਹਿਣ ਦੀ ਸਲਾਹ ਦਿੱਤੀ ਜਾਵੇਗੀ ਜੇ ਉਸ ਵਿੱਚ ਕੋਵਿਡ-19 ਦੇ ਚਾਰ ਸੱਭ ਤੋਂ ਆਮ ਲੱਛਣ ਪਾਏ ਜਾਣਗੇ : ਬੁਖਾਰ/ਠੰਢ ਲੱਗਣਾ, ਖੰਘ, ਸਾਹ ਚੜ੍ਹਨਾ, ਸੁੰਘਣ ਦੀ ਸ਼ਕਤੀ ਘਟਣਾ ਜਾਂ ਸਵਾਦ ਖਤਮ ਹੋਣਾ।



ਨੱਕ ਵਗਣਾ, ਗਲਾ ਪੱਕਣਾ, ਸਿਰ-ਦਰਦ, ਜੀ ਕੱਚਾ ਹੋਣਾ, ਥਕਾਵਟ ਨੂੰ ਹੁਣ ਮਾਮੂਲੀ ਲੱਛਣਾਂ ਵਿੱਚ ਗਿਣਿਆ ਜਾਵੇਗਾ। ਜਿਨ੍ਹਾਂ ਵਿਦਿਆਰਥੀਆਂ ਨੂੰ ਮਾਮੂਲੀ ਲੱਛਣ ਹੋਣਗੇ ਉਨ੍ਹਾਂ ਨੂੰ 24 ਘੰਟੇ ਘਰ ਰਹਿਣ ਦੀ ਲੋੜ ਹੋਵੇਗੀ ਤਾਂ ਕਿ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਹੋ ਸਕੇ। ਪਰ ਜੇ ਉਨ੍ਹਾਂ ਨੂੰ ਪਹਿਲੇ ਚਾਰ ਲੱਛਣ ਹੋਣਗੇ ਤਾਂ ਉਨ੍ਹਾਂ ਨੂੰ ਉਦੋਂ ਤੱਕ ਘਰ ਰਹਿਣਾ ਹੋਵੇਗਾ ਜਦੋਂ ਤੱਕ ਉਹ ਇਹ ਸਿੱਧ ਨਹੀਂ ਕਰ ਦਿੰਦੇ ਕਿ ਉਨ੍ਹਾਂ ਨੂੰ ਕੋਵਿਡ-19 ਨਹੀਂ ਰਿਹਾ। ਅਜਿਹਾ ਉਹ ਡਾਕਟਰੀ ਜਾਂਚ ਜਾਂ ਕੋਵਿਡ-19 ਦਾ ਟੈਸਟ, ਜੋ ਕਿ ਨੈਗੇਟਿਵ ਆਵੇ, ਰਾਹੀਂ ਕਰ ਸਕਦੇ ਹਨ। ਢਿੱਡ ਪੀੜ ਤੇ ਲਾਲ ਅੱਖਾਂ ਨੂੰ ਮੁਕੰਮਲ ਤੌਰ ਉੱਤੇ ਲਿਸਟ ਵਿੱਚੋਂ ਕੱਢ ਦਿੱਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਗੁਰਦੁਆਰਾ ਬਣਿਆ ਨਹੀ, ਜੱਥਾ ਪਹਿਲਾਂ ਹੀ ਕੈਨੇਡਾ ਪਹੁੰਚ ਕੇ ਗਾਇਬ ਹੋ ਗਿਆ

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਦੇ ਸਿਸਟਮ ਨਾਲ ਖਿਲਵਾੜ ਕਰਕੇ ਸਰਕਾਰੀ ਤੰਤਰ ਦੀ ਦੁਰਵਰਤੋਂ ਕਰਨ ਦਾ ਨਿਵੇਕਲਾ ਮਾਮਲਾ ਸਾਹਮਣੇ ਆਇਆ ਹੈ।

ਨੈਸ਼ਨਲ ਪੋਸਟ ਵਿੱਚ ਛਪੀ ਖਬਰ ਅਨੁਸਾਰ ਇਹ ਮਾਮਲਾ ਓਨਟਾਰੀਓ ਦੇ ਸ਼ਹਿਰ ਫੋਰਟ ਐਰੀ ਵਿਖੇ ਖੁੱਲ੍ਹ ਰਹੇ ਇੱਕ ਗੁਰਦੁਆਰੇ ਦੀ ਇਮਾਰਤ ਦਾ ਹੈ, ਜੋ ਕਦੇ ਗੁਰਦੁਆਰਾ ਬਣਿਆ ਹੀ ਨਹੀਂ ਅਤੇ ਨਾ ਹੀ ਉੱਥੇ ਗੁਰਦੁਆਰਾ ਬਣਾਉਣ ਲਈ ਅਜੇ ਤੱਕ ਕੋਈ ਸਰਕਾਰੀ ਮਨਜ਼ੂਰੀ ਹੀ ਮਿਲੀ ਹੈ। ਉੱਤੋਂ ਦਿਲਚ-ਸਪ ਗੱਲ ਇਹ ਹੈ ਕੇ ਇਸ ਟੁੱਟੀ ਫੁੱਟੀ ਇਮਾਰਤ ਦੇ ਪਤੇ ਉੱਤੇ ਇੱਕ ਗੁਰਦੁ-ਆਰਾ ਰਜਿਸਟਰ ਵੀ ਹੋ ਗਿਆ ਹੈ ਅਤੇ ਇਸੇ ਦੇ ਆਧਾਰ ’ਤੇ ਇੱਕ ਰਾਗੀ ਜੱਥਾ ਵੀ ਸਪੌਂਸਰ ਕੀਤਾ ਜਾ ਚੁੱਕਾ ਹੈ, ਜੋ ਹੁਣ ਗਾਇਬ ਹੋ ਗਿਆ ਦੱਸਿਆ ਜਾਂਦਾ ਹੈ।

ਇਸ ਗੱਲ ਉੱਤੇ ਸਹਿਜੇ ਯਕੀਨ ਕਰ ਪਾਉਣਾ ਭਾਵੇਂ ਮੁਸ਼ਕਲ ਹੈ ਪਰ ਨੈਸ਼ਨਲ ਪੋਸਟ ਦੀ ਕਹਾਣੀ ਅਨੁਸਾਰ ਹੋਇਆ ਇਹੀ ਹੈ। ਇੱਥੇ ਇਹ ਗੱਲ ਵੀ ਦੱਸਣ ਯੋਗ ਹੈ ਕੇ ਇਹ ਰਜਿਸਟਰ ਹੋਇਆ ਗੁਰਦੁਆਰਾ ਇੱਕ ਟੁੱਟੀ ਹੋਈ ਇਮਾਰਤ ਹੈ ਜੋ ਵਰਤੋਂ ਯੋਗ ਨਹੀਂ ਹੈ ਤੇ ਕੁਝ ਸਾਲ ਪਹਿਲਾਂ ਇੱਥੇ ਇੱਕ ਮੋਟਲ ਹੁੰਦਾ ਸੀ ਜੋ ਬੰਦ ਹੋ ਗਿਆ ਸੀ। ਪਿਛਲੇ ਸਾਲ 2019 ਵਿੱਚ ਸਾਡੇ ਬਰੈਂਪਟਨ ਸ਼ਹਿਰ ਦੇ ਇੱਕ ਪਤਵੰਤੇ ਸੱਜਣ ਬਚਿੱਤਰ ਸੈਣੀ ਨੇ 2323266 2323266 (Ontario Inc.) ਨਾਮ ਦੀ ਕੰਪਨੀ (ਜਿਸਦਾ ਬਚਿੱਤਰ ਸੈਣੀ ਨਿਰਦੇਸ਼ਕ ਹੈ) ਹੇਠ ਇਹ ਮੋਟਲ 310,000 ਡਾਲਰ ਦਾ ਖਰੀਦਿਆ ਸੀ।

ਦੇਸ਼ ਦੇ ਕਈ ਕਾਰਜਸ਼ੀਲ (ਪਹਿਲਾਂ ਤੋਂ ਚੱਲਦੇ) ਗੁਰਦੁਆਰਿਆਂ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਉਹ ਨਵੀਂ ਸਹੂਲਤ ਬਾਰੇ ਥੋੜ੍ਹਾ ਜਾਣਦੇ ਹਨ, ਅਤੇ ਇਸ ਦੇ ਸੰਚਾਲਨ ਬਾਰੇ ਕੋਈ ਟਿੱਪਣੀ ਨਹੀਂ ਕਰ ਸਕੇ। ਪਰ ਉਹ ਚੇਤਾਵਨੀ ਦਿੰਦੇ ਹਨ ਕਿ ਸਿਰਫ ਨਾਮ ਦੇ ਗੁਰਦੁਆਰੇ, "ਝੂਠੇ ਬਹਾਨੇ ਹੇਠ" ਚਲਾਉਣਾ ਇਕ ਵੱਡੀ ਸਮੱਸਿਆ ਹੈ। ਕਥਿਤ ਤੌਰ ਉੱਤੇ ਹਜ਼ਾਰਾਂ ਡਾਲਰ ਸਪਾਂਸਰਸ਼ਿਪ ਲਈ ਲੈ ਕੇ ਲੋਕਾਂ ਨੂੰ ਵੀਜ਼ਾ ਅਤੇ ਕੈਨੇਡਾ ਵਿਚ ਉਤਾਰਿਆ ਜਾਂਦਾ ਹੈ।

ਦੂਜੇ ਸ਼ਬਦਾਂ ਵਿਚ ਕਹੀਏ ਤਾਂ, ਇੱਥੇ (ਫੋਰਟ ਐਰੀ ਵਿਖੇ) ਕੋਈ ਗੁਰਦੁਆਰਾ ਨਹੀਂ ਹੈ। ਫਿਰ ਵੀ "ਫੋਰਟ ਐਰੀ ਖਾਲਸਾ ਦਰਬਾਰ", ਅਪ੍ਰੈਲ, 2019 ਵਿਚ ਫੈਡਰਲ ਗੈਰ ਮੁਨਾਫੇ (ਇਦਦਰਅਲ ੌਨ ਫਰੋਟਿ) ਵਜੋਂ ਸ਼ਾਮਲ ਕੀਤਾ ਗਿਆ ਸੀ ਅਤੇ ਇਸ ਫਰਵਰੀ ਵਿਚ ਧਾਰਮਿਕ ਦਾਨ ਦਾ ਦਰਜਾ ਪ੍ਰਾਪਤ ਹੋਇਆ ਹੈ, ਨੇ ਘੱਟੋ ਘੱਟ ਤਿੰਨ ਗ੍ਰੰਥੀਆਂ ਨੂੰ ਓਟਾਵਾ ਦੁਆਰਾ ਜਾਰੀ ਕੀਤੇ ਗਏ ਵਿਸ਼ੇਸ਼ ਵੀਜ਼ੇ ’ਤੇ ਭਾਰਤ ਤੋਂ ਇਥੇ ਆਉਣ ਲਈ ਸਪਾਂਸਰ ਕੀਤਾ ਹੈ। ਫੋਰਟ ਐਰੀ ਖ਼ਾਲਸਾ ਦਰਬਾਰ ਦੇ ਨਿਰਦੇਸ਼ਕਾਂ - ਜਿਸ ਨੂੰ ਪੰਜਾਬੀ ਵਿਚ ਇਕ ਗੁਰਦੁਆਰਾ ਕਿਹਾ ਜਾਂਦਾ ਹੈ - ਦਾ ਕਹਿਣਾ ਹੈ ਕਿ ਉਹ ਇਕ ਦਿਨ ਇਸ ਨੂੰ ਖੋਲ੍ਹਣ ਦਾ ਪੂਰਾ ਇਰਾਦਾ ਰੱਖਦੇ ਹਨ ਅਤੇ ਸੋਚਦੇ ਸਨ ਕਿ ਉਨ੍ਹਾਂ ਦੇ ਗ੍ਰੰਥੀਆਂ ਦੇ ਆਉਣ ਤੱਕ ਇਹ ਚੱਲ ਪਵੇਗਾ। ਫੋਰਟ ਐਰੀ ਖ਼ਾਲਸਾ ਦਰਬਾਰ ਦੇ ਨਿਰਦੇਸ਼ਕ ਬਚਿੱਤਰ ਸੈਣੀ ਨੇ ਇਹ ਵੀ ਕਿਹਾ ਹੈ ਕਿ "ਕੰਮ ਰੋਕਣ ਦੇ ਆਦੇਸ਼ ਨੇ ਇਮਾਰਤ ਨੂੰ ਉਨ੍ਹਾਂ ਦੇ ਲਈ ਤਿਆਰ ਹੋਣ ਅਤੇ ਸੰਭਾਵੀ ਸੰਗਤੀ ਇਕੱਠ ਨੂੰ ਰੋਕਿਆ। ਉਸਨੇ ਕਿਹਾ ਕਿ ਉਹ ਹੁਣ ਮੋਟਲ ਨੂੰ ਢਾਹੁਣ ਅਤੇ ਨਵੇਂ ਸਿਰਿਓਂ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ"। ਵੈਸੇ ਇਹ ਆਪਣੇ ਆਪ ’ਚ ਮਿਸਾਲੀ ਕੰਮ ਹੋਇਆ ਹੈ ਕੇ ਸੰਭਾਵੀ ਗੁਰਦਵਾਰੇ ਦੀ ਅਜੇ ਕੋਈ ਮੰਜ਼ੂਰੀ ਨਹੀਂ ਮਿਲੀ, ਫੋਰਟ ਐਰੀ ਖਾਲਸਾ ਦਰਬਾਰ ਦੇ ਨਾਮ ਤੇ ਸੰਸਥਾ ਰਜਿਸਟਰ ਵੀ ਹੋ ਗਈ ਅਤੇ ਇਸ ਗੁਰਦੁਆਰੇ ਦੇ ਨਾਮ ਤੇ ਜੱਥਾ ਮੰਗਵਾਇਆ ਵੀ ਜਾ ਚੁੱਕਾ ਹੈ ਜੋ ਗਾਇਬ ਵੀ ਹੋ ਗਿਆ ਹੈ। ਨਾਲ ਦੀ ਨਾਲ ਇਹ ਗੱਲ ਵੀ ਵਰਨਣਯੋਗ ਹੈ ਕੇ ਸੰਭਾਵੀ ਗੁਰਦੁਆਰੇ ਦੀ ਇਮਾਰਤ ਢਾਹ ਕੇ ਨਵੀਂ ਬਣਾਉਣ ਦੀ ਯੋਜਨਾ ਬਣ ਰਹੀ ਹੈ।

ਇੱਕ ਹੋਰ ਸਭ ਤੋਂ ਦਿਲਚਸਪ ਅਤੇ ਮਹੱਤਵਪੂਰਨ ਗੱਲ ਇਹ ਵੀ ਹੈ ਕੇ ਸਿਟੀ ਦੇ ਨੁਮਾਇੰਦੇ ਟੈਸਮਰ ਦੇ ਸੱਦਣ ਅਨੁਸਾਰ ਅਜੇ ਤੱਕ ਇਸ ਜਗਾਹ ਤੇ ਗੁਰਦੁਆਰਾ ਖੋਲ੍ਹਣ ਨੂੰ ਜਾਇਜ਼ ਬਣਾਉਣ ਲਈ ਅਤੇ ਜੋਨਿਗ ਬਦਲਣ ਲਈ ਕੋਈ ਅਰਜੀ ਹੀ ਨਹੀਂ ਦਿੱਤੀ ਹੈ।’

# ਹਾਲਟਨ ਪੁਲਿਸ ਨੇ 4 ਮਿਲੀਅਨ ਡਾਲਰ ਦੇ ਨਸ਼ੇ ਕੀਤੇ ਬਰਾਮਦ

ਹਾਲਟਨ, 1 ਅਕਤੂਬਰ (ਪੋਸਟ ਬਿਊਰੋ) : ਹਾਲਟਨ ਰੀਜਨਲ ਪੁਲਿਸ ਦੀ ਚੌਕਸੀ ਸਦਕਾ ਮਿਲੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਗਏ ਹਨ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪ੍ਰੋਜੈਕਟ ਮੂਵਰ ਤਹਿਤ ਸਾਲ ਭਰ ਚੱਲੀ ਜਾਂਚ ਦਾ ਹੀ ਇਹ ਨਤੀਜਾ ਹੈ। ਇਹ ਜਾਂਚ 2019 ਦੇ ਅੰਤ ਵਿੱਚ ਹਾਲਟਨ ਵਿੱਚ ਸ਼ੁਰੂ ਹੋਈ ਸੀ। ਹਾਲਟਨ ਪੁਲਿਸ ਦੇ ਇਤਿਹਾਸ ਵਿੱਚ 4 ਮਿਲੀਅਨ ਡਾਲਰ ਦੀ ਫੜ੍ਹੀ ਗਈ ਇਹ ਸੱਭ ਤੋਂ ਵੱਡੀ ਖੇਪ ਹੈ। ਜਾਂਚਕਾਰਾਂ ਨੇ ਦੱਸਿਆ ਕਿ ਪ੍ਰੋਜੈਕਟ ਮੂਵਰ ਦੇ ਕੋਰਸ ਦੌਰਾਨ ਉਨ੍ਹਾਂ ਨੂੰ 10.25 ਕਿੱਲੋਗ੍ਰਾਮ ਫੈਂਟਾਨਿਲ, ਇੱਕ ਕਿੱਲੋਗ੍ਰਾਮ ਕੋਕੀਨ, 1.25 ਕਿੱਲੋਗ੍ਰਾਮ ਕ੍ਰਿਸਟਨ ਮੈਥਾਮਫੈਟਾਮਾਈਨ ਤੇ 300,000 ਕੈਨੇਡੀਅਨ ਡਾਲਰ ਬਰਾਮਦ ਹੋਏ ਹਨ। ਓਕਵਿੱਲ ਦੇ 46 ਸਾਲਾ ਤੇ 28 ਸਾਲਾ ਵਿਅਕਤੀਆਂ ਨੂੰ ਨਸ਼ਿਆਂ ਦੀ




ਸਮਗਲਿੰਗ ਕਰਨ ਤੇ ਜੁਰਮ ਨਾਲ 5000 ਡਾਲਰ ਤੋਂ ਵੱਧ ਦੀ ਸੰਪਤੀ ਰੱਖਣ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ, ਮਾਰਖਮ, ਟੋਰਾਂਟੋ, ਬਰੈਂਪਟਨ, ਹੈਮਿਲਟਨ, ਅਲਬਰਟਾ ਤੇ ਮਿਸੀਸਾਗਾ ਦੇ ਸੱਤ ਹੋਰਨਾਂ ਵਿਅਕਤੀਆਂ ਨੂੰ ਵੀ ਇਸ ਆਪਰੇਸ਼ਨ ਦੇ ਸਬੰਧ ਵਿੱਚ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਬੀਸੀ ਤੇ ਓਨਟਾਰੀਓ ਵਿੱਚ 3500 ਮੁਲਾਜ਼ਮ ਹਾਇਅਰ ਕਰੇਗੀ ਐਮੇਜ਼ੌਨ

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਐਮੇਜ਼ੌਨ ਇਨਕਾਰਪੋਰੇਸ਼ਨ ਬ੍ਰਿਟਿਸ਼ ਕੋਲੰਬੀਆ ਤੇ ਓਨਟਾਰੀਓ ਵਿੱਚ ਆਪਣੇ ਕਾਰੋਬਾਰ ਦੇ ਪਸਾਰ ਲਈ 3500 ਮੁਲਾਜ਼ਮ ਹੋਰ ਭਰਤੀ ਕਰੇਗੀ।




ਈ ਕਾਮਰਸ ਜਾਇੰਟ ਨੇ ਸੋਮਵਾਰ ਨੂੰ ਇਹ ਖੁਲਾਸਾ ਕੀਤਾ ਕਿ ਉਹ ਵੈਨਕੂਵਰ ਵਿੱਚ 3000 ਨੌਕਰੀਆਂ ਦੇਵੇਗੀ। ਇਸ ਤੋਂ ਇਲਾਵਾ 500 ਨੌਕਰੀਆਂ ਟੋਰਾਂਟੋ ਵਿੱਚ ਵੀ ਦਿੱਤੀਆਂ ਜਾਣਗੀਆਂ। ਐਮਜ਼ੌਨ ਦੇ ਵਾਈਸ ਪ੍ਰੈਜ਼ੀਡੈਂਟ ਤੇ ਵੈਨਕੂਵਰ ਸਾਈਟ ਦੇ ਲੀਡ ਜੈਸ ਡੌਹਰਟੀ ਨੇ ਆਖਿਆ ਕਿ ਕੰਪਨੀ ਇਸ ਲਈ ਕੈਨੇਡਾ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ ਚਾਹੁੰਦੀ ਹੈ ਕਿਉਂਕਿ ਇੱਥੇ ਟੈਕਨੌਲੋਜੀ ਨੂੰ ਸਮਝਣ ਵਾਲੇ ਹੁਨਰਮੰਦ ਲੋਕ ਕਾਫੀ ਹਨ। ਉਨ੍ਹਾਂ ਆਖਿਆ ਕਿ ਅਸੀਂ ਇਹ ਨਜ਼ਰੀਆ ਲੈ ਕੇ ਚੱਲਦੇ ਹਾਂ ਕਿ ਅਸੀਂ ਵਿਕਾਸ ਕਿਵੇਂ ਕਰ ਸਕਦੇ ਹਾਂ ਤਾਂ ਕਿ ਲੋਕਾਂ ਨੂੰ ਕੁੱਝ ਸਿੱਖਣ ਲਈ ਕੈਨੇਡਾ ਨਾ ਛੱਡਣਾ ਪਵੇ। ਇਨ੍ਹਾਂ ਨਵੀਆਂ ਕਾਰਪੋਰੇਟ ਤੇ ਟੈਕ ਜੌਬਜ਼ ਵਿੱਚ ਸਾਫਟਵੇਅਰ ਡਿਵੈਲਪਮੈਂਟ ਇੰਜੀਨੀਅਰ, ਯੂਜ਼ਰ ਐਕਸਪੀਰੀਐਂਸ ਡਿਜ਼ਾਈਨਰਜ਼, ਸਪੀਚ ਸਾਇੰਟਿਸਟਸ-ਜੋ ਅਲੈਕਸਾ ਨੂੰ ਹੋਰ ਸਮਾਰਟ ਬਣਾਉਣ ਉੱਤੇ ਕੰਮ ਕਰ ਰਹੇ ਹਨ, ਕਲਾਊਡ ਕੰਪਿਊਟਿੰਗ ਸੌਲਿਊਸ਼ਨਜ਼ ਆਰਕੀਟੈਕਟਸ, ਸੇਲਜ਼ ਤੇ ਮਾਰਕਿਟਿੰਗ ਐਗਜ਼ੈਕਟਿਵਜ਼ ਵਰਗੀਆਂ ਨੌਕਰੀਆਂ ਸ਼ਾਮਲ ਹਨ।

## ਛੇ ਮਹੀਨਿਆਂ ਬਾਅਦ ਖੁੱਲ੍ਹੇ ਕੈਸੀਨੋਜ਼



ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਦੇ ਨਵੇਂ ਮਾਮਲੇ ਭਾਵੇਂ ਪ੍ਰੋਵਿੰਸ ਭਰ ਤੇ ਹੋਰਨਾਂ ਥਾਂਵਾਂ ਉੱਤੇ ਵੱਧ ਰਹੇ ਹਨ ਪਰ ਛੇ ਮਹੀਨਿਆਂ ਵਿੱਚ ਪਹਿਲੀ ਵਾਰੀ ਸੋਮਵਾਰ ਨੂੰ ਕੈਸੀਨੋ ਵੀ ਸ਼ੁਰੂ ਹੋਣ ਜਾ ਰਹੇ ਹਨ।

ਜੀਟੀਏ ਦੇ ਬਹੁਤੇ ਵੱਡੇ ਕੈਸੀਨੋਜ਼ ਖੁੱਲ੍ਹ ਗਏ ਇਨ੍ਹਾਂ ਵਿੱਚ ਕੈਸੀਨੋ ਵੁੱਡਬਾਈਨ, ਗ੍ਰੇਟ ਬਲੂ ਹੈਰੋਨ ਤੇ ਕੈਸੀਨੋ ਐਜੈਕਸ ਵੀ ਸ਼ਾਮਲ ਹਨ। ਕੈਸੀਨੋਜ਼ ਦੇ ਦਰਵਾਜ਼ਿਆਂ ਉਤੇ ਸਕ੍ਰੀਨਿੰਗ ਹੋਵੇਗੀ, ਸਾਰੇ ਕਿਤੇ ਸੈਨੇਟਾਈਜ਼ਰ ਹੋਣਗੇ ਤੇ ਇੱਕ ਸਮੇਂ ਵਿੱਚ 50 ਖਿਡਾਰੀਆਂ ਨੂੰ ਖੇਡਣ ਦਾ ਮੌਕਾ ਮਿਲੇਗਾ।

ਇਸ ਲਈ ਐਡਵਾਂਸ ਵਿੱਚ ਆਨਲਾਈਨ ਬੁਕਿੰਗ ਵੀ ਰੱਖੀ ਗਈ ਹੈ। ਦੂਜੇ ਪਾਸੇ ਓਨਟਾਰੀਓ ਵਿੱਚ ਐਤਵਾਰ ਤੱਕ ਕੋਵਿਡ-19 ਦੇ 491 ਕੇਸ ਪਾਏ ਗਏ ਜਦਕਿ ਇੱਥੇ 42,000 ਟੈਸਟ ਹੋਏ। ਮਈ ਤੋਂ ਬਾਅਦ ਇੱਥੇ ਇਹ ਕੋਵਿਡ ਦੇ ਸੱਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ।

# ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਇਟੈਲੀਅਨ ਰੈਸਟੋਰੈਂਟ ਬੰਦ

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਆਪਣੇ ਕਰਮਚਾਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਮਸ਼ਹੂਰ ਇਟੈਲੀਅਨ ਰੈਸਟੋਰੈਂਟਜ਼ ਵਿੱਚੋਂ ਇੱਕ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ।

ਐਡੀਲੇਡ ਸਟਰੀਟ ਵੈਸਟ ਤੇ ਬਾਥਰਸਟ ਸਟਰੀਟ ਨੇੜੇ ਸਥਿਤ ਰੈਸਟੋਰੈਂਟ ਨੇ ਇਨਸਟਾਗ੍ਰਾਮ ਪੋਸਟ ਵਿੱਚ ਦੱਸਿਆ ਕਿ ਉਨ੍ਹਾਂ ਵੱਲੋਂ ਪੂਰੇ ਰੈਸਟੋਰੈਂਟ ਨੂੰ ਚੰਗੀ ਤਰ੍ਹਾਂ ਸੈਨੇਟਾਈਜ਼ ਕੀਤਾ ਜਾ ਰਿਹਾ ਹੈ ਤੇ ਅਗਲੇ ਨੋਟਿਸ ਤੱਕ ਇਸ ਨੂੰ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਪੋਸਟ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਰੈਸਟੋਰੈਂਟ ਦਾ ਸਾਰਾ ਸਟਾਫ ਸੈਲਫ ਆਈਸੋਲੇਸ਼ਨ ਵਿੱਚ ਹੈ ਤੇ ਕੰਮ ਉੱਤੇ ਪਰਤਣ ਤੋਂ ਪਹਿਲਾਂ ਇੰਪਲੌਈਜ਼ ਦਾ ਕੋਵਿਡ-19 ਲਈ ਮੁੜ ਟੈਸਟ ਕਰਵਾਇਆ ਜਾਵੇਗਾ।

ਅਗਲੇ ਕੁੱਝ ਦਿਨਾਂ ਲਈ ਸਾਰੀਆਂ ਰਿਜ਼ਰਵੇਸ਼ਨਜ਼ ਨੂੰ ਜਾਂ ਤਾ ਰੀ-ਸ਼ਡਿਊਲ ਕੀਤਾ ਜਾਵੇਗਾ ਤੇ ਜਾਂ ਰੱਦ ਕਰ ਦਿੱਤਾ ਜਾਵੇਗਾ। ਮੰਗਲਵਾਰ ਨੂੰ ਪ੍ਰੋਵਿੰਸ ਵਿੱਚ ਕੋਵਿਡ-19 ਦੇ 700 ਮਾਮਲੇ ਸਾਹਮਣੇ ਆਏ।

# ਲਾਪਤਾ ਮਹਿਲਾ ਦੇ ਕਤਲ ਦੇ ਸਬੰਧ ਵਿੱਚ ਪਤੀ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਜੁਲਾਈ ਤੋਂ ਲਾਪਤਾ ਅਰੋਰਾ ਦੀ ਮਹਿਲਾ ਨੂੰ ਉਸ ਦੇ ਪਤੀ ਨੇ ਹੀ ਮਾਰਿਆ ਹੈ।

ਨਤੀਜੇ ਵਜੋਂ ਉਨ੍ਹਾਂ ਵੱਲੋਂ 61 ਸਾਲਾ ਜੌਹਨ ਸੇਡੋ ਨੂੰ ਕਤਲ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਉਸ ਦੀ 61 ਸਾਲਾ ਪਤਨੀ ਹੈਲਨ ਨੂੰ ਆਖਰੀ ਵਾਰੀ 29 ਜੁਲਾਈ ਦੀ ਸ਼ਾਮ ਨੂੰ ਟਰੀਗ੍ਰੋਵ ਸਰਕਲ ਸਥਿਤ ਇਸ ਜੋੜੇ ਦੇ ਘਰ ਵੇਖਿਆ ਗਿਆ ਸੀ। ਇਹ ਥਾਂ ਬਾਥਰਸਟ ਤੇ ਸੇਂਟ ਜੌਹਨਜ਼ ਇਲਾਕੇ ਵਿੱਚ ਹੈ।

ਪੁਲਿਸ ਵੱਲੋਂ ਹੈਲਨ ਦੇ ਪਤੀ ਦੀਆਂ ਉਸ ਦੇ ਗਾਇਬ ਹੋਣ ਦੇ



ਨੇੜੇ ਤੇੜੇ ਲਈਆਂ ਗਈਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ। ਪੁਲਿਸ 29,30,31 ਜੁਲਾਈ ਨੂੰ ਹੈਲਨ ਜਾਂ ਉਸ ਦੇ ਪਤੀ ਦੀ ਕਾਰ ਨੂੰ ਕਿਸੇ ਵੱਲੋਂ ਵੇਖੇ ਜਾਣ ਬਾਰੇ ਪੁੱਛਗਿੱਛ ਕਰ ਰਹੀ ਹੈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਾਰ 2012 ਮਾਡਲ ਦੀ ਸਿਲਵਰ ਰੰਗ ਦੀ ਐਕਿਊਰਾ ਆਰਡੀਐਕਸ ਹੈ ਜਿਸ ਉੱਤੇ ਲਾਇਸੰਸ ਪਲੇਟ ਸੀ-ਬੀ-ਡੀ-ਵਾਇ 0-1-5 ਲੱਗੀ ਹੋਈ ਹੈ।

# ਲਾਂਗ ਟਰਮ ਕੇਅਰ ਹੋਮਜ਼ ਲਈ ਫੋਰਡ ਸਰਕਾਰ ਨੇ ਐਲਾਨੀਆਂ ਨਵੀਆਂ ਪਾਬੰਦੀਆਂ

## ਰੈਜ਼ੀਡੈਂਟਸ, ਕੇਅਰਗਿਵਰਜ਼ ਤੇ ਅਮਲੇ ਦੀ ਹਿਫਾਜ਼ਤ ਲਈ 540 ਮਿਲੀਅਨ ਡਾਲਰ ਨਿਵੇਸ਼ ਕਰੇਗੀ ਫੋਰਡ ਸਰਕਾਰ

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਸੱਭ ਤੋਂ ਵੱਧ ਪ੍ਰਭਾਵਿਤ ਹੋਏ ਕੁੱਝ ਲਾਂਗ ਟਰਮ ਕੇਅਰ ਹੋਮਜ਼ ਵਿੱਚ ਸੋਮਵਾਰ ਤੋਂ ਵਿਜ਼ੀਟਰਜ਼ ਉੱਤੇ ਪਾਬੰਦੀ ਲਾਈ ਜਾਵੇਗੀ।



ਇੱਥੋਂ ਦਾ ਸਟਾਫ, ਅਸੈਂਸ਼ੀਅਲ ਵਿਜ਼ੀਟਰਜ਼ ਤੇ ਕੇਅਰਗਿਵਰਜ਼ ਹੀ ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਆ ਸਕਣਗੇ। ਇਨ੍ਹਾਂ ਤਬਦੀਲੀਆਂ ਦਾ ਐਲਾਨ ਕਰਦਿਆਂ ਫੋਰਡ ਨੇ ਆਖਿਆ ਕਿ ਹੁਣ ਜਦੋਂ ਨਿਊ ਵੇਵ ਸ਼ੁਰੂ ਹੋ ਚੁੱਕੀ ਹੈ ਤਾਂ ਸਾਡੀ ਸਰਕਾਰ ਸਾਡੇ ਬਜ਼ੁਰਗਾਂ ਦੀ ਹਿਫਾਜ਼ਤ ਲਈ ਸਖ਼ਤ ਪਰ ਲੋੜੀਂਦੇ ਫੈਸਲੇ ਕਰਨੇ ਜਾਰੀ ਰੱਖੇਗੀ।

ਅਸੀਂ ਇਸ ਸਮੇਂ ਸੱਭ ਤੋਂ ਵੱਧ ਖਤਰੇ ਵਾਲੇ ਰੀਜਨਜ਼ ਉੱਤੇ ਨਜ਼ਰ ਰੱਖ ਰਹੇ ਹਾਂ। ਜਿਨ੍ਹਾਂ ਇਲਾਕਿਆਂ ਵਿੱਚ ਸੱਭ ਤੋਂ ਵੱਧ ਕਮਿਊਨਿਟੀ ਸਪਰੈੱਡ ਹੈ। ਅਸੀਂ ਇਸ ਨੂੰ ਹਲਕੇ ਵਿੱਚ ਨਹੀਂ ਲੈ ਸਕਦੇ। ਅਸੀਂ ਕੋਵਿਡ-19 ਨੂੰ ਇਨ੍ਹਾਂ ਹੋਮਜ਼ ਤੱਕ ਨਹੀਂ ਪਹੁੰਚਣ ਦੇ ਸਕਦੇ। ਫੋਰਡ ਨੇ ਆਖਿਆ ਕਿ ਸਰਕਾਰ ਨੇ ਕੇਅਰਗਿਵਰਜ਼ ਵਜੋਂ ਪਰਿਵਾਰ ਨੂੰ ਇਨ੍ਹਾਂ ਹੋਮਜ਼ ਵਿੱਚ ਦਾਖਲ ਹੋਣ ਦੀ ਖੁੱਲ੍ਹ ਦਿੱਤੀ ਹੈ। ਉਨ੍ਹਾਂ ਲਾਂਗ ਟਰਮ ਕੇਅਰ ਫੈਸਿਲਿਟੀਜ਼ ਵਿੱਚ ਰਹਿਣ ਵਾਲੇ ਰੈਜ਼ੀਡੈਂਟਸ ਦੀ ਮਦਦ ਲਈ ਵੱਧ ਤੋਂ ਵੱਧ ਲੋਕਾਂ ਨੂੰ ਸਾਈਨ ਅੱਪ ਕਰਨ ਦੀ ਵੀ ਅਪੀਲ ਕੀਤੀ।

ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਉਹ ਲਾਂਗ ਟਰਮ ਕੇਅਰ ਹੋਮਜ਼ ਦੇ ਰੈਜ਼ੀਡੈਂਟਸ, ਕੇਅਰਗਿਵਰਜ਼ ਤੇ ਅਮਲੇ ਦੀ ਹਿਫਾਜ਼ਤ ਲਈ 540 ਮਿਲੀਅਨ ਡਾਲਰ ਦੇ ਨੇੜੇ ਤੇੜੇ ਨਿਵੇਸ਼ ਕਰਨਗੇ। ਅਜਿਹਾ ਕੋਵਿਡ-19 ਦੀ ਭਵਿੱਖ ਵਿੱਚ ਪੈਣ ਵਾਲੀ ਮਾਰ ਤੋਂ ਬਚਣ ਲਈ ਕੀਤਾ ਜਾਵੇਗਾ।

# ਹਵਾਲਗੀ ਰੁਕਵਾਉਣ ਲਈ ਮੁੜ ਅਦਾਲਤ ਵਿੱਚ ਪੇਸ਼ ਹੋਵੇਗੀ ਹੁਆਵੇ ਦੀ ਸੀਐਫਓ

ਵੈਨਕੂਵਰ, 1 ਅਕਤੂਬਰ (ਪੋਸਟ ਬਿਊਰੋ) : ਚੀਨ ਦੀ ਕਮਿਊਨਿਕੇਸ਼ਨਜ਼ ਜਾਇੰਟ ਹਾਆਵੇ ਟੈਕਨਾਲੋਜੀਜ਼ ਦੀ ਸੀਨੀਅਰ ਐਗਜ਼ੈਕਟਿਵ ਮੈਂਗ ਵਾਨਜ਼ੋਊ ਇੱਕ ਵਾਰੀ ਫਿਰ ਅਦਾਲਤ ਵਿੱਚ ਪੇਸ਼ ਹੋਵੇਗੀ। ਇਸ ਦੌਰਾਨ ਮੈਂਗ ਮੁੜ ਅਮਰੀਕਾ ਨੂੰ ਕੀਤੀ ਜਾਣੀ ਵਾਲੀ ਹਵਾਲਗੀ ਨੂੰ ਰੁਕਵਾਉਣ ਲਈ ਆਪਣੇ ਅਧਿਕਾਰਾਂ ਦੀ ਉਲੰਘਣਾਂ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕਰੇਗੀ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ ਕਹਿਣ ਉੱਤੇ ਕੈਨੇਡਾ ਨੇ 2018 ਦੇ ਅੰਤ ਵਿੱਚ ਵੈਨਕੂਵਰ ਦੇ ਏਅਰਪੋਰਟ ਉੱਤੇ ਹੁਆਵੇ ਦੇ ਬਾਨੀ ਦੀ ਧੀ ਤੇ ਕੰਪਨੀ ਦੀ ਚੀਫ ਫਾਇਨਾਂਸ਼ੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕਰ ਲਿਆ ਸੀ। ਅਮਰੀਕਾ ਮੈਂਗ ਖਿਲਾਫ ਫਰਾਡ ਦੇ ਚਾਰਜਿਜ਼ ਦਾ ਮਾਮਲਾ ਚਲਾਉਣ ਲਈ ਉਸ ਦੀ ਹਵਾਲਗੀ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਚੀਨ ਵੱਲੋਂ ਇਸ ਮਾਮਲੇ ਨੂੰ ਆਪਣੀ ਚੜ੍ਹਤ ਰੋਕਣ ਲਈ ਸਿਆਸੀ ਰੰਗਤ ਦੇਣ ਦਾ ਮਾਮਲਾ ਮੰਨਿਆ ਜਾ ਰਿਹਾ ਹੈ।

ਮੈਂਗ ਦੀ ਡਿਫੈਂਸ ਟੀਮ ਇਹ ਤਰਕ ਪੇਸ਼ ਕਰੇਗੀ ਕਿ ਉਸ ਦੀ ਹਵਾਲਗੀ ਸਬੰਧੀ ਕਾਰਵਾਈ ਨੂੰ ਤੁਰੰਤ ਰੋਕਿਆ ਜਾਵੇ ਕਿਉਂਕਿ ਉਨ੍ਹਾਂ ਦਾ ਦਾਅਵਾ ਹੈ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਧਿਕਾਰੀਆਂ ਵੱਲੋਂ ਮੈਂਗ ਨੂੰ ਬਿਨਾਂ ਵਕੀਲ ਤੋਂ ਨਜ਼ਰਬੰਦ ਕੀਤਾ ਗਿਆ ਤੇ ਉਸ ਤੋਂ ਪੁੱਛਗਿੱਛ ਕੀਤੀ ਗਈ। ਇੱਥੋਂ ਤੱਕ ਕਿ ਉਸ ਦੀਆਂ ਇਲੈਕਟ੍ਰੌਨਿਕ ਡਿਵਾਇਸਿਜ਼ ਵੀ ਜ਼ਬਤ ਕਰ ਲਈਆਂ ਗਈਆਂ ਤੇ ਉਸ ਦੀ ਰਸਮੀ ਗ੍ਰਿਫਤਾਰੀ ਤੋਂ ਪਹਿਲਾਂ ਉਸ ਨੂੰ ਆਪਣੇ ਪਾਸਕੋਡਜ਼ ਦੇਣ



ਲਈ ਮਜਬੂਰ ਕੀਤਾ ਗਿਆ।

ਮੈਂਗ ਦੇ ਵਕੀਲਾਂ ਵੱਲੋਂ ਇਹ ਤਰਕ ਵੀ ਰੱਖਿਆ ਜਾਵੇਗਾ ਕਿ ਆਰਸੀਐਮਪੀ ਨੇ ਐਫਬੀਆਈ ਦੇ ਇਸ਼ਾਰੇ ਉੱਤੇ ਕੰਮ ਕਰਦਿਆਂ ਮੈਂਗ ਦੇ ਲੈਪਟੌਪ, ਫੋਨਜ਼ ਤੇ ਟੇਬਲੈਟਸ ਦੀ ਸਾਰੀ ਜਾਣਕਾਰੀ ਨਾ ਸਿਰਫ ਹਾਸਲ ਕੀਤੀ ਤੇ ਸਗੋਂ ਟੈਕਨੀਕਲ ਜਾਣਕਾਰੀ ਸਾਂਝੀ ਵੀ ਕੀਤੀ, ਜੋ ਕਿ ਹਵਾਲਗੀ ਐਕਟ ਦੀ ਸਰਾਸਰ ਉਲੰਘਣਾ ਹੈ।

Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca



“Your neighborhood broker, Call Paramjit Deol Today”

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਅੱਜ ਨਾਮਾ

ਭਖਿਆ ਫਿਰਦਾ ਮਾਹੌਲ ਪੰਜਾਬ ਦੇ ਵਿੱਚ,
ਸਭ ਨੂੰ ਦਰਦ ਕਿਰਸਾਨ ਦਾ ਹੋਏ ਮੀਆਂ।
ਉਹ ਵੀ ਤੁਰੇ ਕਿਸਾਨ ਦੇ ਬਣਨ ਦਰਦੀ,
ਜੜ੍ਹੀਂ ਅੱਕ ਜਿਨ੍ਹਾਂ ਖੁਦ ਹੀ ਚੋਏ ਮੀਆਂ।
ਸੱਜਣ ਕਈ ਦਲਾਲ ਜਿਹੀ ਕਿਸਮ ਵਾਲੇ,
ਰਿਸ਼ਤਾ ਦਿੱਲੀ ਦਾ ਅੰਦਰ ਲੁਕੋਏ ਮੀਆਂ।
ਚੱਲਦਾ ਪਿਆ ਸੰਘਰਸ਼ ਸੀ ਸਾਫ ਸਿੱਧਾ,
ਲੱਗੇ ਰਾਹ ਵਿੱਚ ਪੁੱਟਣ ਨੇ ਟੋਏ ਮੀਆਂ।
ਓਧਰਮੋਦੀ ਵੀ ਜ਼ਿੱਦੀ ਆ ਓੜਕਾਂ ਦਾ,
ਕਰਨ ਅੰਦਰ ਦਾ ਜਾਣਦਾ ਵਾਰ ਮੀਆਂ।
ਕਈਆਂ ਲੀਡਰਾਂ ਦੇ ਬਾਰੇ ਸੁਣੀਂਦਾ ਈ,
ਮਗਰੋਂਦਿੱਲੀਉਂ ਹਿੱਲਦੀ ਤਾਰ ਮੀਆਂ।

**ਤੀਸ ਮਾਰ ਖਾਂ**

## ਨਵਜੋਤ ਸਿੰਘ ਸਿੱਧੂ ਨਾਲ ਹਰੀਸ਼ ਰਾਵਤ ਦੀ ਮੁਲਾਕਾਤ ਨੇ ਮਾਹੌਲ ਬਦਲਿਆ

*** 3 ਦਿਨਾ ਪ੍ਰਦਰਸ਼ਨ ਵਿੱਚ ਨਵਜੋਤ ਸਿੱਧੂ ਪਾਰਟੀ ਨਾਲ ਖੜ੍ਹੋਣਗੇ**

ਅੰਮ੍ਰਿਤਸਰ, 1 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਤਿੰਨ ਅਕਤੂਬਰ ਤੋਂ ਸ਼ੁਰੂ ਹੋ ਰਹੀ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦੀ ਟਰੈਕਟਰ ਰੈਲੀ ਮੌਕੇ ਨਵਜੋਤ ਸਿੰਘ ਸਿੱਧੂ ਦੀ ਹਾਜ਼ਰੀ ਨੂੰ ਯਕੀਨੀ ਕਰਨ ਲਈ ਅੱਜ ਸ਼ਾਮ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਅੰਮ੍ਰਿਤਸਰ ਵਿੱਚ ਦੇਰ ਰਾਤ ਸਿੱਧੂ ਨਾਲ ਕਰੀਬ ਡੇਢ ਘੰਟਾ ਮੁਲਾਕਾਤ ਕੀਤੀ। ਇਨ੍ਹਾਂ ਦੋਵਾਂ ਦੀ ਇਸ ਮੁਲਾਕਾਤ ਤੋਂ ਬਾਅਦ ਹਰੀਸ਼ ਰਾਵਤ ਨੇ ਦਾਅਵਾ ਕੀਤਾ ਕਿ ਨਵੋਜਤ ਸਿੰਘ ਸਿੱਧੂ ਕਾਂਗਰਸ ਪਾਰਟੀ ਦੇ ਪ੍ਰੋਗਰਾਮ ਵਿੱਚ ਜ਼ਰੂਰ ਸ਼ਾਮਲ ਹੋਣਗੇ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਪਿਛਲੇ ਸਵਾ ਸਾਲ ਤੋਂ ਨਵਜੋਤ ਸਿੱਧੂ ਪੰਜਾਬ ਕਾਂਗਰਸ ਦੇ ਕਿਸੇ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਸਨ ਹੋ ਰਹੇ। ਲੰਮਾ ਸਮਾਂ ਚੁੱਪ ਰਹਿ ਚੁੱਕੇ ਨਵਜੋਤ ਸਿੱਧੂ ਨਵੇਂ ਖੇਤੀ ਕਾਨੂੰਨਾਂ ਦੇ ਵਿਰੁੱਧ ਮੈਦਾਨ ਵਿੱਚ ਨਿਕਲੇ ਵੀ ਤਾਂ ਉਨ੍ਹਾਂ ਦਾ ਰੋਸ ਪ੍ਰਦਰਸ਼ਨ ਆਪਣੀ ਪਾਰਟੀ ਤੋਂ ਵੱਖਰਾ ਰਿਹਾ ਸੀ। ਫਿਰ ਜਦੋਂ ਨਰਿੰਦਰ ਮੋਦੀ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਵਿਰੁੱਧ ਰਾਹੁਲ ਗਾਂਧੀ ਨੇ ਪੰਜਾਬ ਵਿੱਚ ਤਿੰਨ ਦਿਨ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਤਾਂ ਇਸ ਨਾਲ ਸਿਆਸੀ ਹਲਕਿਆਂ ਵਿੱਚ ਇਹ ਸਵਾਲ ਪੁੱਛਿਆ ਜਾਣ ਲੱਗਾ ਸੀ ਕਿ ਕੀ ਨਵਜੋਤ ਸਿੱਧੂ ਉਸ ਵੇਲੇ ਰਾਹੁਲ ਨਾਲ ਚੱਲਣਗੇ ਅਤੇ ਕੀ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਇਕ ਮੰਚ ਉੱਤੇ ਦਿੱਸਣਾ ਚਾਹੁੰਦੇ ਹਨ? ਇਨ੍ਹਾਂ ਸਾਰੇ ਸਵਾਲਾਂ ਦੇ ਹੱਲ ਲੱਭਣ ਤੇ ਸਿੱਧੂ ਦੀ ਰਾਏ ਪੁੱਛਣ ਲਈ ਪਾਰਟੀ ਹਾਈ ਕਮਾਨ ਨੇ ਹਰੀਸ਼ ਰਾਵਤ ਦੀ ਡਿਊਟੀ ਲਾਈ ਸੀ।

ਅੱਜ ਨਵਜੋਤ ਸਿੰਘ ਸਿੱਧੂ ਨਾਲ ਮੀਟਿੰਗ ਦੇ ਬਾਅਦ ਹਰੀਸ਼ ਰਾਵਤ ਨੇ ਕਿਹਾ ਕਿ ਸਿੱਧੂ ਨਾਲ ਉਨ੍ਹਾਂ ਦੀ ਮੁਲਾਕਾਤ ਕਾਫੀ ਵਧੀਆ ਮਾਹੌਲ ਵਿੱਚ ਹੋਈ ਹੈ, ਉਹ ਪਾਰਟੀ ਦੀ ਸੂਬਾ ਇਕਾਈ ਦੇ ਹਰ ਪ੍ਰੋਗਰਾਮ ਵਿੱਚ ਸ਼ਾਮਲ ਹੋਣਗੇ ਅਤੇ ਤਿੰਨ ਦਿਨ ਰਾਹੁਲ ਗਾਂਧੀ ਦੇ ਪ੍ਰਦਰਸ਼ਨ ਦੌਰਾਨ ਵੀ ਉਨ੍ਹਾਂ ਦੇ ਨਾਲ ਰਹਿਣਗੇ। ਉਂਜ ਇਸ ਮੁਲਾਕਾਤ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਨੇ ਖੁਦ ਕੋਈ ਟਿੱਪਣੀ ਨਹੀਂ ਕੀਤੀ ਕਿ ਉਹ ਕੀ ਕਰਨਗੇ, ਉਹ ਅਜੇ ਵੀ ਚੁੱਪ ਹੀ ਹਨ।


ਇਸ ਦੌਰਾਨ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਦੇ ਪ੍ਰੋਗਰਾਮ ਵਿੱਚ ਫੇਰਬਦਲ ਕੀਤਾ ਗਿਆ ਹੈ। ਰਾਹੁਲ ਗਾਂਧੀ ਦਾ 2 ਅਕਤੂਬਰ ਨੂੰ ਪੰਜਾਬ ਆਉਣਾ ਮੁਸ਼ਕਲ ਸਮਝਿਆ ਗਿਆ ਹੈ। ਅੱਜ ਉੱਤਰ ਪ੍ਰਦੇਸ਼ ਵਿੱਚ ਹਾਥਰਸ ਬਲਾਤਕਾਰ ਤੇ ਕਤਲ ਕੇਸ ਵਿਰੁੱਧ ਰੋਸ ਕਰਨ ਮੌਕੇ ਰਾਹੁਲ ਗਾਂਧੀ ਦੀ ਸਰਗਰਮੀ ਪਿੱਛੋਂ ਉਨ੍ਹਾ ਦਾ ਪੰਜਾਬ ਆਉਣ ਦਾ ਪ੍ਰੋਗਰਾਮ ਬਦਲਣਾ ਪਿਆ ਹੈ। ਇਸ ਲਈ ਰਾਹੁਲ ਗਾਂਧੀ 3 ਅਕਤੂਬਰ ਨੂੰ ਪੰਜਾਬ ਆਣ ਕੇ ਟਰੈਕਟਰ ਰੈਲੀਆਂ ਸ਼ੁਰੂ ਕਰਨਗੇ। ਇਸ ਵਿੱਚ ਪਹਿਲੇ ਦਿਨ 3 ਅਕਤੂਬਰ ਨੂੰ ਰਾਹੁਲ ਗਾਂਧੀ ਦੀ ਰੈਲੀ ਜ਼ਿਲ੍ਹਾ ਮੋਗਾ ਵਿੱਚ ਨਿਹਾਲ ਸਿੰਘ ਵਾਲਾ ਹਲਕੇ ਦੇ ਪਿੰਡ ਬੱਧਣੀ ਕਲਾਂ ਤੋਂ ਸ਼ੁਰੂ ਹੋਵੇਗੀ ਅਤੇ ਰਾਏਕੋਟ ਹਲਕੇ ਵਿੱਚ ਜੱਟਪੁਰਾ ਵਿਖੇ ਖਤਮ ਹੋਵੇਗੀ। ਦੂਸਰੇ ਦਿਨ 4 ਅਕਤੂਬਰ ਨੂੰ ਉਨ੍ਹਾ ਦੀ ਰੈਲੀ ਸੰਗਰੂਰ ਤੋਂ ਹੁੰਦੀ ਭਵਾਨੀਗੜ੍ਹ ਪੁੱਜੇਗੀ ਅਤੇ ਤੀਸਰੇ ਦਿਨ 5 ਅਕਤੂਬਰ ਨੂੰ ਉਨ੍ਹਾ ਦੀ ਰੈਲੀ ਪਟਿਆਲਾ ਤੋਂ ਸ਼ੁਰੂ ਹੋਣ ਦੇ ਬਾਅਦ ਰਾਹੁਲ ਗਾਂਧੀ ਦੇ ਹਰਿਆਣਾ ਦੇ ਪ੍ਰੋਗਰਾਮ ਸ਼ੁਰੂ ਹੋ ਜਾਣਗੇ। ਭਾਰਤ ਸਰਕਾਰ ਦੇ ਖੇਤੀ ਬਿੱਲਾਂ ਵਿਰੁੱਧ ਇਨ੍ਹਾਂ ਰੈਲੀਆਂ ਵਿੱਚ ਰਾਹੁਲ ਗਾਂਧੀ ਦੇ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਕੇਂਦਰੀ ਇੰਚਾਰਜ ਹਰੀਸ਼ ਰਾਵਤ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੀ ਮੌਜੂਦ ਰਹਿਣਗੇ।

### ਖੇਤੀ ਬਿੱਲਾਂ ਵਿਰੁੱਧ ਅਕਾਲੀ ਦਲ ਦਾ ਮਾਰਚ

# ਸੁਖਬੀਰ ਬਾਦਲ ਤੇ ਹੋਰ ਆਗੂ ਮੁੱਲਾਂਪੁਰ ਬਾਰਡਰ ਉੱਤੇ ਚੰਡੀਗੜ੍ਹ ਪੁਲਸ ਵੱਲੋਂ ਗ੍ਰਿਫਤਾਰ

*** ਸਾਰੇ ਆਗੂਆਂ ਨੂੰ ਥੋੜ੍ਹੀ ਦੇਰ ਬਾਅਦ ਛੱਡ ਦਿੱਤਾ ਗਿਆ * ਅਕਾਲੀ ਦਲ ਦਾ ਮਾਰਚ ਚੰਡੀਗੜ੍ਹ ਨੇੜੇ ਦੇਰ ਰਾਤ ਪੁੱਜਾ**





ਚੰਡੀਗੜ੍ਹ, 1 ਅਕਤੂਬਰ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਦੇ ਲਈ ਅੱਜ ਸੜਕਾਂ ਉੱਤੇ ਉਤਰੇ ਅਕਾਲੀ ਆਗੂਆਂ ਉੱਤੇ ਚੰਡੀਗੜ੍ਹ ਦੇ ਬਾਰਡਰ ਉੱਤੇ ਲਾਠੀਚਾਰਜ ਕੀਤਾ ਗਿਆ। ਇਸ ਦੌਰਾਨ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਪਾਰਲੀਮੈਂਟ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੂੰ ਚੰਡੀਗੜ੍ਹ ਪੁਲਸ ਨੇ ਹਿਰਾਸਤ ਵਿਚ ਲੈ ਲਿਆ। ਪਤਾ ਲੱਗਾ ਹੈ ਕਿ ਮੁੱਲਾਂਪੁਰ ਬਾਰਡਰ ਉੱਤੇ ਪੁਲਸ ਨੇ ਅਕਾਲੀ ਨੇਤਾਵਾਂ ਉੱਤੇ ਪਾਣੀ ਦੀਆਂ ਵਾਛੜਾਂ ਸੁੱਟੀਆਂ, ਜਿਸ ਨੂੰ ਅਕਾਲੀ ਦਲ ਨੇ ਲੋਕਤੰਤਰ ਦੀ ਹੱਤਿਆ ਆਖਿਆ ਹੈ। ਅਕਾਲੀ ਨੇਤਾਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਲਾਠੀਚਾਰਜ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।

ਸ੍ਰੀ ਅਕਾਲ ਤਖਤ ਅੰਮ੍ਰਿਤਸਰ, ਤਖਤ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ, ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੀਆਂ ਤਿੰਨਾਂ ਥਾਂਵਾਂ ਤੋਂ ਆ ਰਿਹਾ ਅਕਾਲੀ ਦਲ ਦਾ ਵਿਰੋਧ ਮਾਰਚ ਵੀਰਵਾਰ ਦੇਰ ਰਾਤ ਚੰਡੀਗੜ੍ਹ-ਪੰਜਾਬ ਬਾਰਡਰ ਉੱਤੇ ਪੁੱਜਾ ਤਾਂ ਚੰਡੀਗੜ੍ਹ ਪੁਲਸ ਵੱਲੋਂ ਰੋਕੇ ਜਾਣ ਉੱਤੇ ਅਕਾਲੀ ਦਲ ਦੇ ਆਗੂ ਤੇ ਵਰਕਰ ਧਰਨੇ ਉੱਤੇ ਬੈਠ ਗਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਹ ਅੰਦੋਲਨ ਓਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਕਿਸਾਨਾਂ ਨੂੰ ਇਨਸਾਫ਼ ਨਹੀਂ ਮਿਲਦਾ। ਇਸ ਮੌਕੇ ਮਾਮੂਲੀ ਝੜਪ ਦੇ ਬਾਅਦ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂਆਂ ਨੂੰ ਜਦੋਂ ਪੁਲਸ ਨੇ ਗ੍ਰਿਫਤਾਰ ਕਰ ਲਿਆ ਤਾਂ ਅਕਾਲੀ ਦਲ ਦੇ ਵਰਕਰਾਂ ਨੇ ਅਕਾਲੀ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਸ਼ੁਰੂ ਕਰ ਦਿੱਤੀ। ਇਸ ਦੇ ਕੁਝ ਦੇਰ ਬਾਅਦ ਸਾਰੇ ਅਕਾਲੀ ਆਗੂਆਂ ਨੂੰ ਚੰਡੀਗੜ੍ਹ ਪੁਲਸ ਵੱਲੋਂ ਛੱਡ ਦਿੱਤਾ ਗਿਆ।

ਅਕਾਲੀ ਦਲ ਦੇ ਕਿਸਾਨ ਮਾਰਚ ਕਾਰਨ ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਵੀਰਵਾਰ ਪੰਜਾਬ ਨਾਲ ਲੱਗਦੇ ਚੰਡੀਗੜ੍ਹ ਦੇ ਸਾਰੇ ਬਾਰਡਰ ਸੀਲ ਕਰ ਕੇ ਤਿੰਨ ਪੱਧਰਾਂ ਦਾ ਸੁਰੱਖਿਆ ਪ੍ਰਬੰਧ ਕੀਤਾ ਸੀ। ਸਭ ਤੋਂ ਮੂਹਰੇ ਨਾਕੇ ਲਾ ਕੇ ਚੰਡੀਗੜ੍ਹ ਪੁਲਸ ਦੇ ਮੁਲਾਜ਼ਮ ਖੜੇ ਸਨ, ਉਸ ਦੇ ਪਿੱਛੇ ਰੈਪਿਡ ਐਕਸ਼ਨ ਫੋਰਸ ਦੇ ਜਵਾਨ ਲਾਏ ਅਤੇ ਤੀਸਰੇ ਪੜਾਅ ਵਿੱਚ ਪਾਣੀ ਦੀਆਂ ਵਾਛੜਾਂ ਕਰਨ ਵਾਲੇ ਵਾਹਨਾਂ ਦੇ ਨਾਲ ਵਾਧੂ ਫੋਰਸ ਲਾਈ ਗਈ ਸੀ। ਦੇਰ ਰਾਤ ਤੱਕ ਅਕਾਲੀ ਵਰਕਰ ਇਸ ਬਾਰਡਰ ਉੱਤੇ ਪੁਲਸ ਤੋਂ ਚੰਡੀਗੜ੍ਹ ਜਾਣ ਦੇ ਲਈ ਮੰਗ ਕਰਦੇ ਰਹੇ, ਪਰ ਪੁਲਸ ਨੇ ਉਨ੍ਹਾਂ ਨੂੰ ਚੰਡੀਗੜ੍ਹ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਇਸ ਮਾਰਚ ਦੇ ਕਾਰਨ ਚੰਡੀਗੜ੍ਹ ਪ੍ਰਸ਼ਾਸਨ ਨੇ ਪੰਜਾਬ ਬਾਰਡਰ ਦੇ ਆਸ-ਪਾਸ ਅਤੇ ਚੰਡੀਗੜ੍ਹ ਵਿਚ ਧਾਰਾ 144 ਲਾਗੂ ਕਰ ਦਿੱਤੀ ਅਤੇ ਬਾਰਡਰ ਉੱਤੇ ਵੱਡੇ ਪੋਸਟਰ ਲਾ ਕੇ ਇਸ ਹੁਕਮ ਦੀ ਸੂਚਨਾ ਦਿੱਤੀ ਗਈ ਸੀ।

ਇਸ ਤੋਂ ਪਹਿਲਾਂ ਅੱਜ ਇਹ ਮਾਰਚ ਸਿੱਖਾਂ ਦੇ ਤਿੰਨ ਧਾਰਮਿਕ ਤਖਤਾਂ ਤੋਂ ਸ਼ੁਰੂ ਕੀਤਾ ਗਿਆ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਸਰ ਤੋਂ, ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਤਲਵੰਡੀ ਸਾਬੋ ਤੋਂ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਆਨੰਦਪੁਰ ਸਾਹਿਬ ਦੇ ਤਖਤ ਕੇਸਗੜ੍ਹ ਸਾਹਿਬ ਤੋਂ ਮਾਰਚ ਦੀ ਅਗਵਾਈ ਕੀਤੀ। ਇਹ ਤਿੰਨੇ ਮਾਰਚ ਵੱਖੋ-ਵੱਖ ਜ਼ਿਲਿਆਂ ਤੋਂ ਹੁੰਦੇ ਹੋਏ ਅੱਜ ਕੁਰਾਲੀ ਤੋਂ ਚੰਡੀਗੜ੍ਹ ਬਾਰਡਰ ਤੱਕ ਪਹੁੰਚੇ ਤੇ ਪਹਿਲਾਂ ਤੋਂ ਤੈਅ ਪ੍ਰੋਗਰਾਮ ਮੁਤਾਬਕ ਇਨ੍ਹਾਂ ਨੇਤਾਵਾਂ ਨੇ ਚੰਡੀਗੜ੍ਹ ਇਕੱਠੇ ਹੋ ਕੇ ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਦੇ ਗਵਰਨਰ ਰਾਹੀਂ ਕੇਂਦਰ ਸਰਕਾਰ ਦੇ ਕਾਨੂੰਨ ਰੱਦ ਕਰਨ ਦੀ ਮੰਗ ਕਰਦਾ ਮੈਮੋਰੰਡਮ ਸੌਂਪਣਾ ਸੀ, ਪਰ ਦੇਰ ਰਾਤ ਤੱਕ ਚੰਡੀਗੜ੍ਹ ਪੁਲਸ ਨੇ ਇਨ੍ਹਾਂ ਨੂੰ ਚੰਡੀਗੜ੍ਹ ਵਿੱਚ ਦਾਖਲ ਨਹੀਂ ਹੋਣ ਦਿੱਤਾ। ਚੰਡੀਗੜ੍ਹ ਪੁਲਸ ਨੇ ਨਾਕੇ ਲਾ ਕੇ ਜਦੋਂ ਉਨ੍ਹਾਂ ਨੂੰ ਰੋਕ ਲਿਆ ਤਾਂ ਇਸ ਵਿਰੁੱਧ ਹਰਸਿਮਰਤ ਕੌਰ ਬਾਦਲ, ਬਲਵਿੰਦਰ ਸਿੰਘ ਭੂੰਦੜ, ਪਰਮਬੰਸ ਸਿੰਘ ਬੰਟੀ ਰੋਮਾਣਾ ਅਤੇ ਹੋਰ ਨੇਤਾ ਧਰਨੇ ਉੱਤੇ ਬੈਠ ਗਏ। ਕੁਝ ਸਮੇਂ ਬਾਅਦ ਚੰਡੀਗੜ੍ਹ ਪੁਲਸ ਨੇ ਇਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਪਿੱਛੋਂ ਅਕਾਲੀ ਵਰਕਰ ਬੈਰੀਕੇਡ ਤੋੜ ਕੇ ਅੱਗੇ ਵਧਣ ਲੱਗੇ ਤਾਂ ਪੁਲਸ ਨੇ ਲਾਠੀਚਾਰਜ ਕੀਤਾ ਤੇ ਅੱਧਾ ਘੰਟਾ ਉਨ੍ਹਾਂ ਨਾਲ ਝੜਪ ਮਗਰੋਂ ਪੁਲਸ ਨੇ ਅਕਾਲੀ ਵਰਕਰਾਂ ਨੂੰ ਪਿੱਛੇ ਧੱਕ ਦਿੱਤਾ। ਚੰਡੀਗੜ੍ਹ ਪੁਲਸ ਵੱਲੋਂ ਮੁੱਲਾਂਪੁਰ ਬਾਰਡਰ ਉੱਤੇ ਗ੍ਰਿਫਤਾਰ ਕੀਤੇ ਇਨ੍ਹਾਂ ਆਗੂਆਂ ਨੂੰ ਚੰਡੀਗੜ੍ਹ 17 ਸੈਕਟਰ ਵਿੱਚ ਲਿਜਾਇਆ ਗਿਆ ਅਤੇ ਬਾਅਦ ਵਿੱਚ ਛੱਡ ਦਿੱਤਾ ਗਿਆ।

### ਹਾਥਰਸ ਕਾਂਡ ਵਿਰੁੱਧ ਰੋਸ

## ਯਮੁਨਾ ਐਕਸਪ੍ਰੈੱਸਵੇਅ ਉੱਤੇ ਪੁਲਸ ਨਾਲ ਧੱਕਾ-ਮੁੱਕੀ ਦੇ ਦੌਰਾਨ ਰਾਹੁਲ ਗਾਂਧੀ ਡਿੱਗ ਪਿਆ

*** ਰਾਹੁਲ ਅਤੇ ਪ੍ਰਿਅੰਕਾ ਉੱਤੇ ਕੇਸ ਦਰਜ**



ਗ੍ਰੇਟਰ ਨੋਇਡਾ, 1 ਅਕਤੂਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਜ਼ਿਲਾ ਹਾਥਰਸ ਵਿੱਚ ਹੋਏ ਸਮੂਹਿਕ ਬਲਾਤਕਾਰ ਦੇ ਕੇਸ ਵਿਰੁੱਧ ਰੋਸ ਕਰਨ ਲਈ ਰਾਹੁਲ ਗਾਂਧੀ ਤੇ ਉਨ੍ਹਾਂ ਦੀ ਭੈਣ ਪ੍ਰਿਅੰਕਾ ਦੇ ਜਾਣ ਸਮੇਂ ਅੱਜ ਵੀਰਵਾਰ ਗ੍ਰੇਟਰ ਨੋਇਡਾ ਦੇ ਯਮੁਨਾ ਐਕਸਪ੍ਰੈੱਸਵੇਅ ਉੱਤੇ ਉਨ੍ਹਾਂ ਦੀ ਪੁਲਸ ਨਾਲ ਝੜਪ ਹੋ ਗਈ।

ਕਾਂਗਰਸ ਪਾਰਟੀ ਨੇ ਦੋਸ਼ ਲਾਇਆ ਹੈ ਕਿ ਓਥੇ ਪੁਲਿਸ ਨੇ ਰਾਹੁਲ ਗਾਂਧੀ ਨਾਲ ਧੱਕਾ-ਮੁੱਕੀ ਕੀਤੀ ਤੇ ਇਸ ਦੌਰਾਨ ਉਹ ਸੜਕ ਉੱਤੇ ਡਿੱਗ ਗਏ। ਰਾਹੁਲ ਗਾਂਧੀ ਦੇ ਸੜਕ ਉੱਤੇ ਝਾੜੀਆਂ ਵਿਚ ਡਿੱਗਣ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਕਾਂਗਰਸ ਨੇਤਾਵਾਂ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਨੂੰ ਪੁਲਿਸ ਮੁਲਾਜ਼ਮ ਨੇ ਧੱਕਾ ਦਿੱਤਾ ਸੀ, ਜਿਸ ਕਾਰਨ ਉਹ ਡਿੱਗੇ ਸਨ। ਪਤਾ ਲੱਗਾ ਹੈ ਕਿ ਰਾਹੁਲ ਗਾਂਧੀ ਨੂੰ ਕੋਈ ਸੱਟ ਨਹੀਂ ਲੱਗੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਨਾਲ ਲੱਗੇ ਹੋਏ ਸੁਰੱਖਿਆ ਮੁਲਾਜ਼ਮਾਂ ਨੇ ਚੁੱਕਿਆ ਸੀ। ਰਾਹੁਲ ਗਾਂਧੀ ਦੇ ਸੜਕ ਉੱਤੇ ਡਿੱਗਣ ਦੀ ਸੂਚਨਾ ਮਿਲਦੇ ਸਾਰ ਕਾਂਗਰਸ ਵਰਕਰ ਭੜਕ ਪਏ, ਪਰ ਰਾਹੁਲ ਗਾਂਧੀ ਸੜਕ ਉੱਤੇ ਡਿੱਗਣ ਤੋਂ ਦੁਬਾਰਾ ਉੱਠੇ ਅਤੇ ਪੈਦਲ ਹੀ ਹਾਥਰਸ ਨੂੰ ਚੱਲ ਪਏ। ਇਸ ਪਿੱਛੋਂ ਪੁਲਿਸ ਨੇ ਉਨ੍ਹਾਂ ਨੂੰ ਐਕਸਪ੍ਰੈੱਸਵੇਅ ਦੇ ਕਿਨਾਰੇ ਬਿਠਾ ਦਿੱਤਾ। ਪੁਲਸ ਵੱਲੋਂ ਸੜਕ ਕੰਢੇ ਬਿਠਾਏ ਰਾਹੁਲ ਗਾਂਧੀ ਨੇ ਟਵੀਟ ਕਰ ਕੇ ਉੱਤਰ ਪ੍ਰਦੇਸ਼ ਦੀ ਯੋਗੀ ਆਦਿੱਤਿਆਨਾਥ ਸਰਕਾਰ ਉੱਤੇ ਟਿਪਣੀਆਂ ਕੀਤੀਆਂ। ਉਨ੍ਹਾਂ ਨੇ ਟਵੀਟ ਕੀਤਾ ਕਿ ਦੁਖ ਦੀ ਘੜੀ ਵਿਚ ਆਪਣਿਆਂ ਨੂੰ ਇਕੱਲੇ ਨਹੀਂ ਛੱਡਿਆ ਜਾਂਦਾ। ਉੱਤਰ ਪ੍ਰਦੇਸ਼ ਦੇ ਜੰਗਲ-ਰਾਜ ਦਾ ਇਹ ਹਾਲ ਹੈ ਕਿ ਦੁੱਖ ਵਿਚ ਡੁੱਬੇ ਇਕ ਪਰਵਾਰ ਨੂੰ ਮਿਲਣਾ ਵੀ ਓਥੋਂ ਦੀ ਸਰਕਾਰ ਨੂੰ ਡਰਾ ਦਿੰਦਾ ਹੈ।

ਅੱਜ ਦੀ ਇਸ ਘਟਨਾ ਪਿੱਛੋਂ ਨੋਇਡਾ ਪੁਲਸ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਦੇ ਨਾਲ ਸੀਨੀਅਰ ਕਾਂਗਰਸ ਨੇਤਾ ਦੀਪੇਂਦਰ ਸਿੰਘ ਹੁੱਡਾ, ਪੀ ਐੱਲ ਪੂਨੀਆ ਤੇ ਸਚਿਨ ਪਾਇਲਟ ਸਮੇਤ 153 ਕਾਂਗਰਸੀ ਆਗੂਆਂ ਉੱਤੇ ਕੇਸ ਦਰਜ ਕੀਤਾ ਹੈ। ਪ੍ਰਿਅੰਕਾ ਗਾਂਧੀ ਉੱਤਰ ਪ੍ਰਦੇਸ਼ ਕਾਂਗਰਸ ਦੀ ਇੰਚਾਰਜ ਵੀ ਹਨ।

## ਅੱਗੇ ਤੋਂ ਦਿੱਲੀ ਏਅਰਪੋਰਟ ਉੱਤੇ ਹੀ ਮੁਸਾਫਰਾਂ ਦਾ ਕੋਰੋਨਾ ਟੈਸਟ ਹੋਇਆ ਕਰੇਗਾ

ਨਵੀਂ ਦਿੱਲੀ, 1 ਅਕਤੂਬਰ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੌਰਾਨ ਭਾਰਤ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਦਿੱਲੀ ਏਅਰਪੋਰਟ ਉੱਤੇ ਵਿਦੇਸ਼ ਤੋਂ ਆਏ ਜਾਂ ਜਾਂਦੇ ਮੁਸਾਫਰਾਂ ਦੀ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ ਦੇ ਬਿਆਨ ਮੁਤਾਬਕ ਦਿੱਲੀ ਏਅਰਪੋਰਟ ਉੱਤੇ ਅੰਤਰਰਾਸ਼ਟਰੀ ਯਾਤਰੀ ਅੱਗੇ ਤੋਂ ਕੋਰੋਨਾ ਲਈ ਆਰ ਟੀ-ਪੀ ਸੀ ਆਰ ਟੈਸਟ ਕਰਵਾ ਸਕਦੇ ਹਨ। ਇਹ ਏਅਰਪੋਰਟ ਅੰਤਰਰਾਸ਼ਟਰੀ ਮੁਸਾਫਰਾਂ ਨੂੰ ਇਹ ਸਹੂਲਤ ਦੇਣ ਵਾਲਾ ਭਾਰਤ ਵਿਚਲਾ ਪਹਿਲਾ ਏਅਰਪੋਰਟ ਬਣ ਗਿਆ ਹੈ। ਅੰਤਰਰਾਸ਼ਟਰੀ ਯਾਤਰੀਆਂ ਲਈ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਉੱਤੇ ਕੋਰੋਨਾ ਟੈਸਟ ਦਾ ਪ੍ਰਬੰਧ ਟਰਮੀਨਲ-3 ਦੇ ਪਿੱਛੇ ਵਾਲੀ ਮਲਟੀ ਲੈਵਲ ਕਾਰ ਪਾਰਕਿੰਗ ਏਰੀਆ ਵਿੱਚ ਕੀਤਾ ਗਿਆ ਹੈ। ਇਹ ਪ੍ਰਬੰਧ ਸਿਰਫ ਦੇਸ਼ ਦੇ ਬਾਹਰੋਂ ਆਏ ਯਾਤਰੀਆਂ ਲਈ ਹੈ।

ਅੰਤਰਰਾਸ਼ਟਰੀ ਯਾਤਰੀਆਂ ਦੇ ਕੋਵਿਡ-19 ਟੈਸਟ ਲਈ ਦਿੱਲੀ ਏਅਰਪੋਰਟ ਨੇ ਸੂਬਾ ਸਰਕਾਰ ਅਤੇ ਰਾਜਧਾਨੀ ਦਿੱਲੀ ਦੀ ਇੱਕ ਲੈਬਾਰਟਰੀ ਜੈਨੇਸਟਰਿੰਗ ਡਾਇਗ-ਨੋਸਟਿਕ ਸੈਂਟਰ ਨਾਲ ਸਮਝੌਤਾ ਕੀਤਾ ਹੈ ਅਤੇ ਇਹ ਮੁਸਾਫਰ ਦਿੱਲੀ ਏਅਰਪੋਰਟ ਉੱਤੇ 5 ਹਜ਼ਾਰ ਰੁਪਏ ਵਿੱਚ ਕੋਰੋਨਾ ਟੈਸਟ ਕਰਵਾ ਸਕਦੇ ਹਨ। ਇਸ ਫੀਸ ਵਿੱਚ ਵੇਟਿੰਗ ਰੂਮ ਦਾ ਚਾਰਜ ਸ਼ਾਮਲ ਹੈ, ਕਿਉਂਕਿ ਰਿਪੋਰਟ ਆਉਣ ਨੂੰ 6 ਘੰਟੇ ਸਮਾਂ ਲੱਗ ਸਕਦਾ ਹੈ। ਏਅਰਪੋਰਟ ਅਥਾਰਟੀ ਦੇ ਮੁਤਾਬਕ ਲੈਬ ਵਿੱਚ ਇਕੱਠੇ ਕੀਤੇ ਗਏ ਸੈਂਪਲ ਦੀ ਰਿਪੋਰਟ ਆਉਣ ਤੱਕ ਦੇ 4 ਤੋਂ 6 ਘੰਟੇ ਤੱਕ ਯਾਤਰੀ ਵੇਟਿੰਗ ਰੂਮ ਵਿੱਚ ਜਾਂ ਕਿਸੇ ਹੋਟਲ ਵਿੱਚ ਰੁਕ ਸਕਦੇ ਹਨ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust


You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੰਪਾਦਕੀ

## ਸਿੱਖੀ ਵਿੱਚ ਕਾਮ, ਪਰੇਮ ਅਤੇ ਸੈਕਸ ਦੇ ਅਣਛੋਹੇ ਮਜ਼ਬੂਨ ਉੱਤੇ ਝਾਤ ਪਾਉਂਦੀ ਰਿਪੋਰਟ

ਸਿੱਖ ਪਰਿਵਾਰਾਂ, ਧਾਰਮਿਕ ਅਤੇ ਸਮਾਜਿਕ ਦਾਇਰਿਆਂ ਵਿੱਚ ਸੈਕਸ ਬਾਰੇ ਗੱਲ ਕਰਨੀ ਸੌਖਾ ਕੰਮ ਨਹੀਂ ਹੈ ਸਗੋਂ ਕਿਹਾ ਜਾ ਸਕਦਾ ਹੈ ਕਿ ਇਸ ਵਿਸ਼ੇ ਉੱਤੇ ਚਰਚਾ ਕਰਨੀ ਇੱਕ ਅਸੰਭਵ ਗੱਲ ਹੈ। ਸਿੱਖ ਧਾਰਮਿਕ ਅਤੇ ਸਮਾਜਿਕ ਆਗੂਆਂ ਵੱਲੋਂ ਵਿਆਹ ਤੋਂ ਬਾਹਰ ਬਣਾਏ ਗਏ ਸਬੰਧਾਂ ਅਤੇ ਸਿੱਟੇ ਵਜੋਂ ਉਹਨਾਂ ਦੇ ਖਰਾਬ ਹੋਏ ਅਕਸ ਨੂੰ ਲੈ ਕੇ ਚਰਚਾ ਹੋਣਾ ਤਾਂ ਆਮ ਗੱਲ ਹੈ ਪ੍ਰੰਤੂ ਸੈਕਸ ਦਾ ਜੀਵਨ ਨਾਲ ਕਿਹੋ ਜਿਹਾ ਨਾਤਾ ਹੈ, ਉਸ ਬਾਰੇ ਵਿਚਾਰ ਕਰਨਾ ਹਾਸ਼ੀਏ ਤੋਂ ਬਾਹਰ ਦਾ ਪ੍ਰਸੰਗ ਹੋ ਜਾਂਦਾ ਹੈ। ਬੱਚਿਆਂ ਨੂੰ ਸੁਚੱਜਤਾ ਵਾਲਾ ਜੀਵਨ ਜਿਉਣ ਲਈ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ ਪਰ ਜੀਵਨ ਪ੍ਰਦਾਨ ਕਰਨ ਵਾਲੀ ਸ਼ਕਤੀ ਦੀ ਸਹੀ ਵਰਤੋਂ, ਇਸਦੀ ਮਹੱਤਤਾ ਜਾਂ ਇਸਦੀ ਕੁਵਰਤੋਂ ਦੇ ਪ੍ਰਸੰਗ ਨੂੰ ਅਕਸਰ ਅਛੋਹ ਵਿਸ਼ਾ ਬਣਾ ਕੇ ਹਵਾ ਵਿੱਚ ਲਟਕਦੇ ਤ੍ਰਿਸ਼ੰਕੂ ਵਾਗੂੰ ਛੱਡ ਦਿੱਤਾ ਜਾਂਦਾ ਹੈ। ਇਸ ਪਰੀਪੇਖ ਵਿੱਚ ਦੋ ਦਿਨ ਪਹਿਲਾਂ ਸਿੱਖ ਰੀਸਰਚ ਇਨਸਟੀਚਿਊਟ ਵੱਲੋਂ 'ਸਿੱਖੀ ਅਤੇ ਲਿੰਗਕਤਾ (Sikhi and Sexuality) ਸਿਰਲੇਖ ਹੇਠ ਇੱਕ ਰਿਪੋਰਟ ਦਿਲਚਸਪ ਹੈ। ਇਸ ਰਿਪੋਰਟ ਵਿੱਚ ਸੈਕਸ, ਉਪਭੋਗ ਅਤੇ ਉਤਪਤੀ ਵਿਸ਼ਿਆਂ ਉੱਤੇ ਸਿੱਖ ਪਰੀਪੇਖ ਤੋਂ ਘੋਖ ਕਰਕੇ ਕਿਸੇ ਹੱਦ ਤੱਕ ਠੋਸ ਨਿਚੋੜ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਕੁੱਝ ਗੱਲਾਂ ਦਿਲਚਸਪ ਹਨ। ਮਿਸਾਲ ਵਜੋਂ ਅਕਾਲ ਤਖ਼ਤ ਦੇ ਜੱਥੇਦਾਰ ਸਮੇਤ ਹੋਰ ਸਿੱਖ ਧਾਰਮਿਕ ਆਗੂਆਂ ਦੀ ਰਾਏ ਨੂੰ ਲੁਕਵੇਂ ਢੰਗ ਨਾਲ ਦਕਿਆਨੂਸੀ ਕਰਾਰ ਦੇ ਕੇ ਗੁਰੂ ਸਾਹਿਬਾਨਾਂ ਦੇ ਅਮਰ ਆਦੇਸ਼ ਨੂੰ ਜੀਵਨ ਦੇ ਬਦਲ ਚੁੱਕੇ ਪ੍ਰਸੰਗ ਵਿੱਚ ਵਰਤਣ ਦੀ ਗੱਲ ਕੀਤੀ ਗਈ ਹੈ। ਦਿਲਚਸਪ ਗੱਲ ਹੈ ਕਿ ਹਾਲੇ ਚੰਦ ਦਿਨ ਪਹਿਲਾਂ ਅਮਰੀਕਾ ਵਿੱਚ ਕੈਲੀਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ ਵਿੱਚ ਇੱਕ ਸਿੱਖ ਮਰਦ ਜੋੜੇ ਨੇ ਸ਼ਾਦੀ ਕੀਤੀ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਦੋ ਸਿੱਖ ਸਮਲਿੰਗੀ ਮਰਦਾਂ ਦਰਮਿਆਨ ਹੋਣ ਵਾਲੀ ਇਹ ਪਹਿਲੀ ਸ਼ਾਦੀ ਹੈ ਜੋ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੀ ਗਈ। ਸਿੱਖ ਸੈਕਸੁਐਲਿਟੀ ਬਾਰੇ ਜਾਰੀ ਕੀਤੀ ਰਿਪੋਰਟ ਦੀਆਂ ਸਿਫਾਰਸ਼ਾਂ ਵਿੱਚ ਸਮਲਿੰਗਤਾ, ਹਸਤਮੈਥੁਨ, ਸੈਕਸ ਅਤੇ ਲਿੰਗਕਤਾ ਦੇ ਵਿਸ਼ੇ ਵਿੱਚ ਲੜਕੇ ਲੜਕੀਆਂ ਨੂੰ ਇੱਕੋ ਜਿਹੀ ਸਿੱਖਿਆ ਦੇਣਾ ਸ਼ਾਮਲ ਹੈ। ਰਿਪੋਰਟ ਵਿੱਚ ਸਿੱਖਾਂ ਵਿੱਚ ਵੱਧਦੀ ਜਾ ਰਹੀ ਐਲ ਜੀ ਬੀ ਟੀ ਕਿਊ (LGBTQ) ਵਿਅਕਤੀਆਂ ਦੀ ਨਫ਼ਰੀ ਦੇ ਮੱਦੇਨਜ਼ਰ ਇਸ ਵਿਸ਼ੇ ਉੱਤੇ ਵਧੇਰੇ ਮੋਕਲੇ ਢੰਗ ਨਾਲ ਚਰਚਾ ਛੇੜਨ ਲਈ ਵੀ ਕਿਹਾ ਗਿਆ ਹੈ।

31 ਮੁਲਕਾਂ ਵਿੱਚ ਵੱਸਦੇ 1212 ਸਿੱਖਾਂ ਦੇ ਵਿਚਾਰ ਹਾਸਲ ਕਰਨ ਤੋਂ ਬਾਅਦ ਤਿਆਰ ਇਸ ਰਿਪੋਰਟ ਨੂੰ ਹਲਕੇ ਢੰਗ ਨਾਲ ਨਹੀਂ ਲਿਆ ਜਾ ਸਕਦਾ ਕਿਉਂਕਿ ਰਿਪੋਰਟ ਨੂੰ ਤਿਆਰ ਕਰਨ ਦਾ ਮੰਤਵ ਹੀ ਸੈਕਸੁਐਲਿਟੀ ਨੂੰ ਸਿੱਖ ਵਿਸ਼ਵ ਪਰੀਪੇਖ ਦੱਸਿਆ ਗਿਆ ਹੈ। ਇਸ ਵਿੱਚ ਬਾਣੀ, ਤਵਾਰੀਖ ਅਤੇ ਰਹਿਤ ਨੂੰ ਪ੍ਰਸੰਗ ਬਣਾ ਕੇ ਗੁਰੂ ਸਾਹਿਬਾਨਾਂ ਦੇ ਸਿੱਖ ਸਿਧਾਂਤਾਂ ਅਤੇ ਉਹਨਾਂ ਦੀ ਭਾਈ ਗੁਰਦਾਸ ਵੱਲੋਂ ਪੇਸ਼ ਕੀਤੀ ਵਿਆਖਿਆ ਉੱਤੇ ਵਧੇਰੇ ਟੇਕ ਰੱਖੀ ਗਈ ਹੈ। 48 ਪੰਨਿਆਂ ਦੀ ਰਿਪੋਰਟ ਦੇ ਹਰ ਪਹਿਲੂ ਉੱਤੇ ਆਲੋਚਨਾਮਤਕ ਝਾਤੀ ਮਾਰਨਾ ਸਿੱਖ ਬੁੱਧੀਜੀਵੀਆਂ ਦਾ ਕੰਮ ਹੈ ਪਰ ਸੁਆਲ ਉੱਠਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਕੇ ਵਿਸ਼ਵ ਦੇ ਵੱਖ ਵੱਖ ਮੁਲਕਾਂ ਵਿੱਚ ਗੁਰਦੁਆਰਾ ਸਾਹਿਬਾਨਾਂ ਦਾ ਪ੍ਰਬੰਧ ਚਲਾਉਣ ਵਾਲੀਆਂ ਜੱਥੇਬੰਦੀਆਂ ਇਸ ਨਿਵੇਕਲੇ ਵਿਸ਼ੇ ਉੱਤੇ ਕਿਹੋ ਜਿਹੀ ਪ੍ਰਤੀਕਿਰਿਆ ਕਰਨਗੀਆਂ? ਕੀ ਉਹ ਹਾਲੇ ਵੀ 'ਬਾਹਰਲੀ ਹਵਾ' ਨਾ ਲੱਗਣ ਦੇਣ ਵਾਲੀ ਪਹੁੰਚ ਅਪਣਾ ਕੇ ਬਿੱਲੀ ਵਾਗੂੰ ਅੱਖਾਂ ਬੰਦ ਰੱਖਣ ਨੂੰ ਤਰਜੀਹ ਦੇਣਗੀਆਂ ਜਾਂ ਆਧੁਨਿਕ ਯੁੱਗ ਦੇ ਸੰਦਰਭ ਵਿੱਚ ਸਿੱਖੀ ਜੀਵਨ ਜਾਚ ਨੂੰ ਮੋਕਲੇ ਨਜ਼ਰੀਏ ਤੋਂ ਵੇਖਣ ਦੀ ਜ਼ੁਰੱਅਤ ਕਰਨਗੀਆਂ?

ਈਸਾਈ, ਇਸਲਾਮ, ਹਿੰਦੂ ਅਤੇ ਬੁੱਧ ਮੱਤ ਦੇ ਆਗੂਆਂ ਨੂੰ ਇਹ ਚੁਣੌਤੀਆਂ ਲੰਬੇ ਸਮੇਂ ਤੋਂ ਘੇਰਦੀਆਂ ਆ ਰਹੀਆਂ ਹਨ। ਚਰਚਾਂ ਵਿੱਚ ਇਸ ਬਾਰੇ ਵਿਵਾਦ ਕੋਈ ਨਵੀਂ ਗੱਲ ਨਹੀਂ ਸਗੋਂ ਕਈ ਚਰਚਾਂ ਸਮਲਿੰਗੀਆਂ ਲਈ ਰਾਹ ਖੋਲਣ ਜਾਂ ਬੰਦ ਕਰਨ ਦੇ ਮੁੱਦੇ ਨੂੰ ਲੈ ਕੇ ਦੁਫਾੜ ਹੋਈਆਂ ਹਨ। ਇਸਲਾਮ ਵਿੱਚ ਸਮਲਿੰਗੀਆਂ ਨੂੰ ਰੋੜੇ ਵੱਟੇ ਮਾਰ ਕੇ ਸਜ਼ਾ ਦੇਣ ਦਾ ਜ਼ਿਕਰ ਹੈ। ਬੇਸ਼ੱਕ ਸਿੱਖ ਧਰਮ ਵਿੱਚ ਵਿਸ਼ਵਾਸ਼ ਅਤੇ ਜੀਵਨ ਜਾਚ ਦੇ ਆਧਾਰ ਉੱਤੇ ਕਿਸੇ ਨੂੰ ਸਜ਼ਾ ਦੇਣ ਦੀ ਰਿਵਾਇਤ ਨਹੀਂ ਪਰ ਸਿੱਖ ਰੀਸਰਚ ਇਨਸਟੀਚਿਊਟ ਦੀ ਰਿਪੋਰਟ ਇੱਕ ਦਿਲਚਸਪ ਦ੍ਰਿਸ਼ਟੀਕੋਣ ਨੂੰ ਜਨਮ ਦੇਣ ਵਾਲੀ ਆਖੀ ਜਾ ਸਕਦੀ ਹੈ। ਇੱਕ ਅਜਿਹਾ ਦ੍ਰਿਸ਼ਟੀਕੋਣ ਜਿਸ ਵਿੱਚ ਨੈਤਿਕਤਾ, ਅਧਿਆਤਮਵਾਦ ਅਤੇ ਰਿਵਾਇਤੀ ਸਮਝ ਲਈ ਇੱਕ ਅਜਿਹੇ ਮੋੜ ਉੱਤੇ ਮਿਲਣ ਦਾ ਅਵਸਰ ਹੋ ਸਕਦਾ ਹੈ ਜੋ ਨਵਾਂ ਹੋਣ ਦੇ ਨਾਲ ਨਾਲ ਨਿਵੇਕਲਾ ਵੀ ਹੋ ਸਕਦਾ ਹੈ।

## ਚੀਨ ਉਤੇ ਨਿਰਭਰਤਾ ਘਟਾਉਣ ਤੇ ਕੈਨੇਡੀਅਨ ਕਾਰੋਬਾਰਾਂ ਦੀ ਮਦਦ ਲਈ ਨਵੇਂ ਮਾਪਦੰਡ ਲਿਆਉਣ ਦੀ ਲੋੜ : ਓਟੂਲ



ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਸਿਹਤਯਾਬ ਹੋ ਕੇ ਹਾਊਸ ਆਫ ਕਾਮਨਜ਼ ਪਰਤੇ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਬੁੱਧਵਾਰ ਨੂੰ ਆਪਣੇ ਪਹਿਲੇ ਭਾਸ਼ਣ ਵਿੱਚ ਆਖਿਆ ਕਿ ਚੀਨ ਉੱਤੇ ਨਿਰਭਰਤਾ ਖਤਮ ਕਰਨ ਲਈ ਕੈਨੇਡੀਅਨ ਕਾਰੋਬਾਰਾਂ ਦੀ ਮਦਦ ਵਾਸਤੇ ਨਵੇਂ ਮਾਪਦੰਡ ਲਿਆਂਦੇ ਜਾਣ ਦੀ ਲੋੜ ਹੈ। ਪਿਛਲੇ ਹਫਤੇ ਰਾਜ ਭਾਸ਼ਣ ਦੇ ਸਬੰਧ ਵਿੱਚ ਜਵਾਬ ਦਿੰਦਿਆਂ ਓਟੂਲ ਨੇ ਇਸ ਸੰਕਟ ਦੀ ਘੜੀ ਵਿੱਚ ਕੈਨੇਡਾ ਨੂੰ ਇੱਕਜੁੱਟ ਕਰਨ ਸਬੰਧੀ ਆਪਣੇ ਨਜ਼ਰੀਏ ਤੋਂ ਵੀ ਜਾਣੂ ਕਰਵਾਇਆ। 23 ਅਗਸਤ ਨੂੰ ਕੰਜ਼ਰਵੇਟਿਵ ਆਗੂ ਚੁਣੇ ਜਾਣ ਤੋਂ ਬਾਅਦ ਹਾਊਸ ਆਫ ਕਾਮਨਜ਼ ਵਿੱਚ ਓਟੂਲ ਨੂੰ ਸਾਰਿਆਂ ਨੂੰ ਆਪਣੇ ਨਜ਼ਰੀਏ ਤੋਂ ਜਾਣੂ ਕਰਵਾਉਣ ਦਾ ਪਹਿਲੀ ਵਾਰੀ ਮੌਕਾ ਮਿਲਿਆ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਸ਼ਣ ਦੇ ਜਵਾਬ ਵਿੱਚ ਓਟੂਲ ਨੇ ਆਖਿਆ ਕਿ ਟਰੂਡੋ ਦੇਸ਼ ਵਿੱਚ ਰੀਜਨਲ ਵੰਡੀਆਂ ਨੂੰ ਸ਼ਹਿ ਦੇ ਰਹੇ ਹਨ ਤੇ ਸਿਰਫ ਲਿਬਰਲਾਂ ਨਾਲ ਸਬੰਧਤ ਇੰਡਸਟਰੀਜ਼ ਦੀ ਹੀ ਮਦਦ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੂੰ ਉਹ ਚੁਣੌਤੀਆਂ ਸਮਝ ਹੀ ਨਹੀਂ ਆ ਰਹੀਆਂ ਜਿਨ੍ਹਾਂ ਦਾ ਸਾਹਮਣਾ ਅੱਜ ਦੇਸ਼ ਨੂੰ ਕਰਨਾ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਔਸਤ ਕੈਨੇਡੀਅਨ ਪਰਿਵਾਰ ਵਰਗੀਆਂ ਚੁਣੌਤੀਆਂ ਦਾ ਕਦੇ ਸਾਹਮਣਾ ਕਰਨਾ ਹੀ ਨਹੀਂ ਪਿਆ। ਇਸ ਸਰਕਾਰ ਤਹਿਤ ਕੈਨੇਡਾ ਘੱਟ ਇੱਕਜੁੱਟ, ਘੱਟ ਖੁਸ਼ਹਾਲ ਹੋ ਗਿਆ ਹੈ। ਇੱਥੇ ਹੀ ਬੱਸ ਨਹੀਂ ਦੁਨੀਆ ਦੇ ਮੰਚ ਉੱਤੇ ਵੀ ਕੈਨੇਡਾ ਦੀ ਸਾਖ ਘਟੀ ਹੈ। ਉਨ੍ਹਾਂ ਆਖਿਆ ਕਿ ਟਰੂਡੋ ਸਰਕਾਰ ਕੈਨੇਡਾ ਲਈ ਟੈਸਟਿੰਗ ਦੇ ਬਿਹਤਰ ਬਦਲ ਲਿਆਉਣ ਵਿੱਚ ਅਸਫਲ ਰਹੀ।

ਇਸ ਦੌਰਾਨ ਓਟੂਲ ਨੇ ਆਖਿਆ ਕਿ ਸਾਨੂੰ ਚੀਨ ਉੱਤੇ ਨਿਰਭਰਤਾ ਖਤਮ ਕਰਨ ਦੀ ਵੀ ਲੋੜ ਹੈ। ਉਨ੍ਹਾਂ ਆਖਿਆ ਕਿ ਅਸੀਂ ਮੁਕਤ ਵਪਾਰ ਦੇ ਹੱਕ ਵਿੱਚ ਹਾਂ। ਬੀਜਿੰਗ ਤੋਂ ਆਉਣ ਵਾਲਾ ਸਮਾਨ ਕਾ ਉੱਤੇ ਹੀ ਵਪਾਰਕ ਟੇਕ ਰੱਖੀ ਜਾਵੇ। ਸਾਨੂੰ ਨਵੀਆਂ ਮੰਡੀਆਂ ਦੀ ਤਲਾਸ਼ ਕਰਨੀ ਚਾਹੀਦੀ ਹੈ, ਆਪਣੇ ਭਾਈਵਾਲਾਂ ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ ਤੇ ਗਲੋਬਲ ਪੱਧਰ ਉੱਤੇ ਵਪਾਰਕ ਤਾਲਮੇਲ ਬਣਾ ਕੇ ਚੀਨ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਅਸੀਂ ਆਪਣੀਆਂ ਕਦਰਾਂ ਕੀਮਤਾਂ ਨਹੀਂ ਵੇਚਦੇ।

ਅਖੀਰ ਵਿੱਚ ਓਟੂਲ ਨੇ ਆਖਿਆ ਕਿ ਕੈਨੇਡਾ ਨੂੰ ਕਿਸੇ ਹੋਰ ਨਾਅਰੇ ਦੀ ਨਹੀਂ ਸਗੋਂ ਯੋਜਨਾ ਦੀ ਲੋੜ ਹੈ। ਕੈਨੇਡਾ ਨੂੰ ਸਾਰੇ ਕੈਨੇਡੀਅਨਜ਼ ਲਈ ਲੀਡਰ ਦੀ ਲੋੜ ਹੈ ਜਿਸ ਕੋਲ ਕੈਨੇਡਾ ਨੂੰ ਅੱਗੇ ਲਿਜਾਣ ਲਈ ਯੋਜਨਾ ਹੋਵੇ ਨਾ ਸਿਰਫ ਉਨ੍ਹਾਂ ਥਾਂਵਾਂ ਵੱਲ ਹੀ ਧਿਆਨ ਦਿੱਤਾ ਜਾਵੇ ਜਿੱਥੋਂ ਲਿਬਰਲਾਂ ਨੂੰ ਵੋਟਾਂ ਹਾਸਲ ਹੁੰਦੀਆਂ ਹਨ।

## ਭਾਰਤ ਵੰਸ਼ੀ ਵਿਅਕਤੀ ਦੇ 17 ਸਾਲ ਪੁਰਾਣੇ ਕਤਲ ਕੇਸ ਦੀ ਜਾਂਚ ਫਿਰ ਸ਼ੁਰੂ

ਲੰਡਨ, 1 ਅਕਤੂਬਰ (ਪੋਸਟ ਬਿਊਰੋ)- ਲੰਡਨ ਪੁਲਸ ਨੇ 17 ਸਾਲ ਪਹਿਲਾਂ 8 ਜਣਿਆਂ ਵੱਲੋਂ ਇੱਕ ਭਾਰਤ ਵੰਸ਼ੀ ਉਤੇ ਹਮਲੇ ਦੀ ਫਿਰ ਜਾਂਚ ਸ਼ੁਰੂ ਕੀਤੀ ਹੈ ਅਤੇ ਕੋਈ ਸੁਰਾਗ ਦੇਣ 'ਤੇ 20,00 ਪੌਂਡ ਇਨਾਮ ਦਾ ਐਲਾਨ ਕੀਤਾ ਹੈ। ਵਰਨਣ ਯੋਗ ਹੈ ਕਿ ਅਗਸਤ 2003 ਵਿੱਚ ਐਕਸ਼ਨ ਪਾਰਕ ਵਿਖੇ ਹਮਲੇ ਵਿੱਚ ਰਾਜੇਸ਼ ਰਾਜ ਵਰਮਾ ਨੂੰ ਦਿਮਾਗੀ ਸੱਟਾਂ ਲੱਗੀਆਂ ਸਨ ਅਤੇ ਇਲਾਜ ਦੇ ਬਾਅਦ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ, ਪਰ ਮੱਥੇ 'ਤੇ ਵਾਰ ਹੋਣ ਦੇ ਕਾਰਨ ਉਹ ਪੂਰੀ ਤਰ੍ਹਾਂ ਠੀਕ ਨਹੀਂ ਹੋਏ ਤੇ ਕਰੀਬ 15 ਸਾਲ ਬਾਅਦ ਮਈ 2018 ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਪੋਸਟ ਮਾਰਟਮ ਰਿਪੋਰਟ ਵਿੱਚ ਵਰਮਾ 'ਤੇ 2003 ਵਿੱਚ ਹੋਏ ਹਮਲੇ ਅਤੇ ਬਾਅਦ ਵਿੱਚ ਹੋਈ ਉਨ੍ਹਾਂ ਦੀ ਮੌਤ ਵਿਚਾਲੇ ਸੰਬੰਧਾਂ ਕਾਰਨ ਲੰਡਨ ਪੁਲਸ ਨੇ ਇਸ ਸਾਲ ਮਾਰਚ ਵਿੱਚ ਕੇਸ ਦੀ ਜਾਂਚ ਸ਼ੁਰੂ ਕੀਤੀ। ਸਾਲ 2003 ਵਿੱਚ ਪੁਲਸ ਨੇ ਜਾਂਚ ਕੀਤੀ ਸੀ, ਪਰ ਕਿਸੇ ਵੀ ਸ਼ੱਕੀ ਨੂੰ ਗ੍ਰਿਫਤਾਰ ਨਹੀਂ ਕੀਤਾ ਨਾ ਹੀ ਕਿਸੇ ਦੇ ਖਿਲਾਫ ਦੋਸ਼ ਦਰਜ ਕੀਤੇ ਸਨ। ਵਰਮਾ ਦੀ ਪਤਨੀ ਰੋਮਾ ਵਰਮਾ ਨੇ ਕਿਹਾ ਕਿ ਹਮਲੇ ਦੇ ਬਾਅਦ ਉਨ੍ਹਾਂ ਦੇ ਪਰਵਾਰ 'ਤੇ ਗੰਭੀਰ ਅਸਰ ਪਿਆ। ਉਨ੍ਹਾਂ ਨੇ ਕਿਹਾ, 'ਜਦ ਸਾਡੀ ਜ਼ਿੰਦਗੀ ਵਿੱਚ ਇਹ ਭੂਚਾਲ ਆਇਆ ਉਸ ਵਕਤ ਸਾਡੇ 11 ਅਤੇ 13 ਸਾਲ ਦੇ ਦੋ ਬੱਚੇ ਸਨ। ਪਰਵਾਰ ਦੇ ਸਾਰੇ ਲੋਕਾਂ ਨੇ ਉਨ੍ਹਾਂ ਦੀ ਪਾਲਣ-ਪੋਸ਼ਣ ਵਿੱਚ ਮਦਦ ਕੀਤੀ।'




## ਨਿੱਕੇ ਕਾਰੋਬਾਰਾਂ ਦੀ ਮਦਦ ਕਰਨ ਵਿੱਚ ਅਸਫਲ ਰਹੀ ਟਰੂਡੋ ਸਰਕਾਰ : ਪਿਏਰ ਪੌਲੀਐਵਰ

...ਪੰਨਾ 1 ਦਾ ਬਾਕੀ

ਉਨ੍ਹਾਂ ਅੱਗੇ ਆਖਿਆ ਕਿ ਕੈਨੇਡਾ ਦੀ ਆਰਥਿਕ ਰਿਕਵਰੀ ਕੈਨੇਡਾ ਵਿੱਚ ਨਿੱਕੇ ਕਾਰੋਬਾਰਾਂ ਦੀ ਸਫਲਤਾ ਨਾਲ ਜੁੜੀ ਹੋਈ ਹੈ। ਇਨ੍ਹਾਂ ਮਿਹਨਤਕਸ਼ ਤੇ ਆਪਣੇ ਕਾਰੋਬਾਰਾਂ ਦੀ ਮਦਦ ਕਰਨ ਵਾਲਿਆਂ ਦੀ ਮਦਦ ਸਦਕਾ ਹੀ ਅਸੀਂ ਅੱਜ ਹਾਲਾਤ ਬਦਲ ਸਕਦੇ ਹਾਂ। ਕਈ ਲੋਕਾਂ ਨੂੰ ਅਜਿਹੇ ਕਾਰੋਬਾਰਾਂ ਸਦਕਾ ਰੋਟੀ ਮਿਲ ਸਕਦੀ ਹੈ ਤੇ ਲਿਬਰਲ ਸਰਕਾਰ ਨੂੰ ਇਸ ਬਾਰੇ ਸੋਚਣਾ ਹੋਵੇਗਾ।

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਕੈਨੇਡਾ ਭਰ ਦੇ ਵਰਕਰਜ਼ ਤੇ ਕਾਰੋਬਾਰੀਆਂ ਲਈ ਕੰਜ਼ਰਵੇਟਿਵ ਹਮੇਸ਼ਾਂ ਤਿਆਰ ਹਨ। ਐਰਿਨ ਓਟੂਲ ਦੀ ਯੋਗ ਅਗਵਾਈ ਵਿੱਚ ਅਸੀ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਨੂੰ ਉਹ ਮਦਦ ਮਿਲੇ ਜਿਸਦੀ ਉਨ੍ਹਾਂ ਨੂੰ ਲੋੜ ਹੈ।

## ਰੈਬਾ ਦੇ ਸਬੰਧ ਵਿੱਚ ਸਰਕਾਰ ਨੇ ਪੇਸ਼ ਕੀਤੇ ਨਵੇਂ ਤੇ ਸੋਧੇ ਹੋਏ ਰੈਗੂਲੇਸ਼ਨਜ਼

...ਪੰਨਾ 1 ਦਾ ਬਾਕੀ

ਖਾਸ ਮਾਪਦੰਡਾਂ ਦੀ ਪਾਲਣਾ ਕਰਨ ਵਾਲੀ ਕਾਰਪੋਰੇਸ਼ਨ ਲਈ ਰੀਅਲ ਅਸਟੇਟ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਸੇਲਜ਼ਪਰਸਨ ਜਾਂ ਬ੍ਰੋਕਰ ਨੂੰ ਮਿਹਨਤਾਨਾ ਦੇਣ ਲਈ ਬ੍ਰੋਕਰੇਜ ਨੂੰ ਇਜਾਜ਼ਤ ਦੇਣ ਵਾਸਤੇ ਕਾਨੂੰਨ ਵਿੱਚ ਸੋਧ ਕੀਤੀ ਗਈ ਹੈ।

ਇੱਥੇ ਕਾਰਪੋਰੇਸ਼ਨ ਪੀ ਆਰ ਈ ਸੀ ਹੈ। ਪੀ ਆਰ ਈ ਸੀ ਅਜਿਹੀ ਕਾਰਪੋਰੇਸ਼ਨ ਹੈ ਜਿਸ ਨੂੰ ਸੇਲਜ਼ਪਰਸਨ ਜਾਂ ਬ੍ਰੋਕਰ ਵੱਲੋਂ ਕਾਇਮ ਕੀਤਾ ਗਿਆ ਹੋ ਸਕਦਾ ਹੈ, ਜਿਸ ਨੂੰ ਰਜਿਸਟਰਾਰ ਵੱਲੋਂ ਕਮਾਏ ਮਿਹਨਤਾਨੇ ਨੂੰ ਸਿੱਧੇ ਤੌਰ ਉੱਤੇ ਹਾਸਲ ਕਰਨ ਦੀ ਇਜਾਜ਼ਤ ਹੁੰਦੀ ਹੈ। ਪੀ ਆਰ ਈ ਸੀ ਦੀ ਵਰਤੋਂ ਨਾਲ ਸੇਲਜ਼ਪਰਸਨ ਜਾ ਬ੍ਰੋਕਰ ਨੂੰ ਵਿੱਤੀ ਫਾਇਦਾ ਹੋ ਸਕਦਾ ਹੈ।

ਇਹ ਨਵੇਂ ਨਿਯਮ ਪੀ ਆਰ ਈ ਸੀ ਦੀ ਵਰਤੋਂ ਦੀ ਇਜਾਜ਼ਤ ਦਿੰਦੇ ਹਨ ਪਰ ਪੀ ਆਰ ਈ ਸੀ ਦੀ ਵਰਤੋਂ ਕਰਨਾ ਲਾਜ਼ਮੀ ਨਹੀਂ ਠਹਿਰਾਉਂਦੇ। ਹਰੇਕ ਰਜਿਸਟਰਾਰ ਦੇ ਨਿਜੀ ਹਾਲਾਤ ਉੱਤੇ ਆਧਾਰਤ ਪੀ ਆਰ ਈ ਸੀ ਨੂੰ ਕਾਇਮ ਕਰਨ ਤੇ ਇਸ ਦੀ ਵਰਤੋਂ ਦੇ ਆਪਣੇ ਫਾਇਦੇ ਤੇ ਨੁਕਸਾਨ ਹਨ। ਰਜਿਸਟਰਾਰ ਨੂੰ ਵਿੱਤੀ ਤੇ ਹੋਰ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਦੀ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਤਾਂ ਕਿ ਉਹ ਅਜਿਹਾ ਕਰਨ ਤੋਂ ਪਹਿਲਾਂ ਇਹ ਪਤਾ ਲਾ ਸਕਣ ਕਿ ਕੀ ਇਹ ਪਹੁੰਚ ਉਨ੍ਹਾਂ ਲਈ ਸਹੀ ਹੈ। ਇਹ ਵੀ ਜ਼ਰੂਰੀ ਹੈ ਕਿ ਬ੍ਰੋਕਰ ਇਹ ਜਾਂਚ ਲਵੇ ਕਿ ਪੀ ਆਰ ਈ ਸੀ ਨਾਲ ਸਮਝੌਤਾ ਕਰਨ ਲਈ ਬ੍ਰੋਕਰੇਜ ਰਾਜ਼ੀ ਹੈ। ਪਰ ਬ੍ਰੋਕਰੇਜਿਜ਼ ਅਜਿਹਾ ਕਰਨ ਲਈ ਮਜਬੂਰ ਨਹੀਂ ਹਨ।

ਇਸ ਤੋਂ ਇਲਾਵਾ ਰੈਬਾ ਤਹਿਤ ਕੋਡ ਆਫ ਐਥਿਕਸ ਵਿੱਚ ਵੀ ਨਵੀਆਂ ਟਰਮਜ਼ ਦੀ ਵਰਤੋਂ ਦੀ ਇਜਾਜ਼ਤ ਦੇਣ ਲਈ ਸੋਧ ਕੀਤੀ ਗਈ ਹੈ। ਅਜਿਹਾ ਕਰਨ ਦੀ ਇੱਛਾ ਰੱਖਣ ਵਾਲੇ ਯੋਗ ਰਜਿਸਟਰਾਰ ਹੁਣ ਨਵੀਆਂ ਟਰਮਜ਼ ਦੀ ਵਰਤੋਂ ਕਰ ਸਕਦੇ ਹਨ। ਬ੍ਰੋਕਰ ਆਫ ਰਿਕਾਰਡ ਤੋਂ ਇਲਾਵਾ ਬ੍ਰੋਕਰਜ਼ ਨੂੰ ਹੇਠ ਲਿਖੀਆਂ ਟਰਮਜ਼ ਦੀ ਵਰਤੋਂ ਕਰਨ ਦੀ ਖੁੱਲ੍ਹ ਹੋਵੇਗੀ :

- Real estate agent
- Broker real estate agent
- REALTOR® (limited to CREA members in good standing)
- REALTOR® broker (limited to CREA members in good standing)

ਸੇਲਜ਼ਪਰਸਨਜ਼ ਵੀ ਹੁਣ ਹੇਠ ਲਿਖੀਆਂ ਟਰਮਜ਼ ਦੀ ਵਰਤੋਂ ਕਰ ਸਕਣਗੇ :

- Real estate agent
- REALTOR® (limited to CREA members in good standing)
- REALTOR® salesperson (limited to CREA members in good standing)

## ਵਰਕਰਜ਼ ਲਈ ਵਿੱਤੀ ਸਹਾਇਤਾ ਸਬੰਧੀ ਬਿੱਲ ਸਰਬਸੰਮਤੀ ਨਾਲ ਪਾਸ



ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ ਬੇਰੋਜ਼ਗਾਰ ਹੋਏ ਵਰਕਰਜ਼ ਲਈ ਨਵੇਂ ਬੈਨੇਫਿਟਜ਼ ਸਬੰਧੀ ਬਿੱਲ ਨੂੰ ਹਾਊਸ ਆਫ ਕਾਮਨਜ਼ ਵਿੱਚ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਇਸ ਪ੍ਰਕਿਰਿਆ ਵਿੱਚ ਘੱਟ ਗਿਣਤੀ ਲਿਬਰਲ ਸਰਕਾਰ ਮਹਾਂਮਾਰੀ ਦੇ ਇਸ ਦੌਰ ਦਾ ਆਪਣਾ ਪਹਿਲਾ ਭਰੋਸੇ ਦਾ ਵੋਟ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ। ਇਹ ਭਰੋਸਾ ਵੀ ਦਿਵਾਇਆ ਗਿਆ ਹੈ ਕਿ ਦੇਸ਼ ਭਰ ਵਿੱਚ ਖਤਰਨਾਕ ਢੰਗ ਨਾਲ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਹੋਣ ਕਾਰਨ ਘੱਟੋ ਘੱਟ ਹਾਲ ਦੀ ਘੜੀ ਚੋਣਾਂ ਨਹੀਂ ਹੋਣਗੀਆਂ।

ਬਿੱਲ ਸੀ-4 ਨੂੰ ਬੁੱਧਵਾਰ ਸਵੇਰੇ ਹਾਊਸ ਆਫ ਕਾਮਨਜ਼ ਵਿੱਚ ਪਾਸ ਕਰ ਦਿੱਤਾ ਗਿਆ। ਇਸ ਬਿੱਲ ਦੇ ਮਸੌਦੇ ਉੱਤੇ ਸਾਢੇ ਚਾਰ ਘੰਟੇ ਹੀ ਬਹਿਸ ਹੋਈ। ਇਸ ਦੌਰਾਨ ਕੰਜ਼ਰਵੇਟਿਵ ਐਮਪੀਜ਼ ਤੇ ਬਲਾਕ ਕਿਊਬਿਕੁਆ ਦੇ ਐਮਪੀਜ਼ ਨੇ ਇਸ ਬਿੱਲ ਨੂੰ ਫਾਸਟ ਟਰੈਕ ਕੀਤੇ ਜਾਣ ਤੇ ਕਾਹਲੀ ਵਿੱਚ ਇਸ ਬਾਬਤ ਫੈਸਲਾ ਲਏ ਜਾਣ ਉੱਤੇ ਇਤਰਾਜ਼ ਵੀ ਪ੍ਰਗਟਾਇਆ।

## ਗੈਰ ਅਮਰੀਕੀ ਕੌਮਾਂਤਰੀ ਟਰੈਵਲ ਉਤੇ ਮੌਜੂਦਾ ਪਾਬੰਦੀਆਂ 31 ਅਕਤੂਬਰ ਤੱਕ ਵਧਾਈਆਂ

ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਗੈਰ ਅਮਰੀਕੀ ਕੌਮਾਂਤਰੀ ਟਰੈਵਲ ਉੱਤੇ ਮੌਜੂਦਾ ਪਾਬੰਦੀਆਂ ਵਿੱਚ 31 ਅਕਤੂਬਰ ਤੱਕ ਇਜਾਫਾ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਵੱਲੋਂ ਟਵੀਟ ਉੱਤੇ ਬੁੱਧਵਾਰ ਨੂੰ ਜਾਣਕਾਰੀ ਦਿੱਤੀ ਗਈ। ਇਹ ਪਾਬੰਦੀਆਂ ਹਰ ਉਸ ਵਿਅਕਤੀ ਉੱਤੇ ਲਾਗੂ ਹੋਣਗੀਆਂ ਜਿਹੜਾ ਅਮਰੀਕਾ ਨੂੰ ਛੱਡ ਕਿਸੇ ਹੋਰ ਦੇਸ਼ ਤੋਂ ਕੈਨੇਡਾ ਦਾਖਲ ਹੋਣ ਦੀ ਕੋਸ਼ਿਸ਼ ਕਰੇਗਾ। ਕੈਨੇਡਾ ਦਾਖਲ ਹੋਣ ਵਾਲੇ ਸਾਰੇ ਕੌਮਾਂਤਰੀ ਟਰੈਵਲਰਜ਼ ਨੂੰ ਇੱਥੇ ਪਹੁੰਚਣ ਉੱਤੇ 14 ਦਿਨਾਂ ਲਈ ਲਾਜ਼ਮੀ ਤੌਰ ਉੱਤੇ ਕੁਆਰਨਟੀਨ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਕੁਆਰਨਟੀਨ ਦੀ ਸ਼ਰਤ ਪੂਰੀ ਕਰਨ ਲਈ ਆਪਣੀ ਕਾਂਟੈਕਟ ਸਬੰਧੀ ਜਾਣਕਾਰੀ ਵੀ ਮੁਹੱਈਆ ਕਰਵਾਉਣੀ ਪੈਂਦੀ ਹੈ ਤੇ ਬਾਰਡਰ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਸਕਰੀਨਿੰਗ ਵੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਕਈ ਟਰੈਵਲਰਜ਼ ਨੂੰ ਗੈਰ ਲੋੜੀਂਦੇ ਕਾਰਨਾਂ ਕਰਕੇ ਦੇਸ਼ ਵਿੱਚ ਦਾਖਲ ਹੋਣ ਦੀ ਇਜਾਜ਼ਤ ਵੀ ਨਹੀਂ ਹੈ। ਇਸ ਤੋਂ ਕੈਨੇਡੀਅਨ ਨਾਗਰਿਕਾਂ ਤੇ ਪਰਮਾਨੈਂਟ ਰੈਜ਼ੀਡੈਂਟਸ, ਉਨ੍ਹਾਂ ਦੇ ਪਰਿਵਾਰਾਂ, ਕੌਮਾਂਤਰੀ ਵਿਦਿਆਰਥੀਆਂ, ਅਸੈਂਸ਼ੀਅਲ ਵਰਕਰਜ਼, ਆਰਜ਼ੀ ਫੌਰਨ ਵਰਕਰਜ਼ ਨੂੰ ਛੋਟ ਹੈ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ

*ਵਧੀਆ ਘੰਟੇ

*15.50 ਡਾਲਰ ਪ੍ਰਤੀ ਘੰਟਾ ਰੇਟ

Locahon Kipling & Queensway (Etobicoke)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

416-816-1695




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*.
Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## 'ਕਾਲਿੰਗਵੁੱਡ ਹਾਫ਼ ਮੈਰਾਥਨ ਵਰਚੂਅਲ ਰੇਸ' ਸੰਜੂ ਗੁਪਤਾ ਨੇ ਚਿੰਗੂਆਕੂਜ਼ੀ ਪਾਰਕ ਵਿਚ 21 ਕਿਲੋਮੀਟਰ ਦੌੜ ਕੇ ਪੂਰੀ ਕੀਤੀ



ਬਰੈਂਪਟਨ, (ਡਾ. ਝੰਡ) -ਕਰੋਨਾ ਦੇ ਪ੍ਰਕੋਪ ਕਾਰਨ ਅੱਜਕੱਲ੍ਹ ਦੌੜਾਂ ਅਤੇ ਹੋਰ ਸਾਹਿਤਕ ਤੇ ਸਮਾਜਿਕ ਸਰਗ਼ਰਮੀਆਂ ਵਰਚੂਅਲ ਰੂਪ ਵਿਚ ਹੀ ਕਰਵਾਈਆਂ ਜਾ ਰਹੀਆਂ ਹਨ। 2013 ਵਿਚ ਸ਼ੁਰੂ ਕੀਤੀ ਗਈ 'ਕਾਲਿੰਗਵੁੱਡ ਹਾਫ਼ ਮੈਰਾਥਨ ਰੇਸ' ਪਿਛਲੇ ਅੱਠ ਸਾਲ ਤੋਂ ਲਗਾਤਾਰ ਕਰਵਾਈ ਜਾ ਰਹੀ ਇਹ ਦੌੜ ਇਸ ਵਾਰ ਵਰਚੂਅਲ ਰੂਪ ਵਿਚ ਹੀ ਕਰਵਾਈ ਗਈ। ਇਸ ਵਿਚ ਸ਼ਾਮਲ ਹੋਣ ਵਾਲੇ ਦੌੜਾਕਾਂ ਨੇ ਆਪੋ-ਆਪਣੇ ਸ਼ਹਿਰਾਂ ਤੇ ਕਸਬਿਆਂ ਵਿਚ ਇਹ ਰੇਸ ਵਰਚੂਅਲ ਰੂਪ ਲਗਾ ਕੇ ਇਸ ਵਿਚ ਆਪਣਾ ਯੋਗਦਾਨ ਪਾਇਆ। ਜ਼ਿਕਰਯੋਗ ਹੈ ਕਿ ਇਸ ਰੇਸ ਦਾ ਸੰਚਾਲਕ ਕਾਲਿੰਗਵੁੱਡ ਪੋਲੀਸ ਦਾ ਇਕ ਸਾਬਕਾ ਪੋਲੀਸ ਅਫ਼ਸਰ ਹੈ ਅਤੇ ਉਹ ਇਕੱਲਾ ਹੀ ਆਪਣੇ ਤੌਰ 'ਤੇ ਇਸ ਈਵੈਂਟ ਦਾ ਆਯੋਜਨ ਕਰਦਾ ਹੈ।

ਲੰਘੇ ਐਤਵਾਰ 27 ਸਤੰਬਰ ਨੂੰ ਸੰਜੂ ਗੁਪਤਾ ਨੇ ਸਥਾਨਕ ਚਿੰਗੁਆਕੂਜ਼ੀ ਪਾਰਕ ਵਿਚ 22 ਕਿਲੋਮੀਟਰ ਦੌੜ ਕੇ ਇਸ ਮਾਣਮੱਤੀ ਰੇਸ ਵਿਚ ਵਰਚੁਅਲ-ਰੇਸਰ ਵਜੋਂ ਆਪਣਾ ਹਿਸਾ ਪਾਇਆ। ਜ਼ਿਕਰਯੋਗ ਹੈ ਕਿ ਉਹ ਪਿਛਲੇ ਸੱਤ ਸਾਲ ਤੋਂ ਕਾਲਿੰਗਵੁੱਡ ਸ਼ਹਿਰ ਜਾ ਕੇ ਇਸ ਵਿਚ ਭਾਗ ਲੈਂਦਾ ਰਿਹਾ ਹੈ ਅਤੇ ਇਸ ਵਾਰ ਸਮੇਂ ਅਤੇ ਸਥਿਤੀਆਂ ਨੂੰ ਮੁੱਖ ਰੱਖ ਕੇ ਉਹ ਇਸ ਵਿਚ ਵਰਚੂਅਲ ਰੂਪ ਵਿਚ ਸ਼ਾਮਲ ਹੋਇਆ।

ਇਸ ਦੌੜ ਦੇ ਦੌਰਾਨ ਸੰਜੂ ਗੁਪਤਾ ਯਾਦ ਕਰ ਰਿਹਾ ਸੀ ਕਿ ਕਿਵੇਂ ਪਿਛਲੇ ਸਾਲਾਂ ਵਿਚ ਉਹ ਤੜਕੇ ਚਾਰ ਵਜੇ ਉੱਠ ਕੇ ਸਵੇਰੇ ਪੰਜ ਵਜੇ ਤੱਕ ਤਿਆਰ ਹੋ ਕੇ ਆਪਣੀ ਕਾਰ ਵਿਚ ਕਾਲਿੰਗਵੁੱਡ ਨੂੰ ਚੱਲ ਪੈਂਦਾ ਸੀ ਅਤੇ ਹਰ ਹਾਲਤ ਵਿਚ ਸੱਤ ਵਜੇ ਉੱਥੇ ਪਹੁੰਚ ਜਾਂਦਾ ਸੀ ਤਾਂ ਜੋ ਉਹ 8.00 ਵਜੇ ਸ਼ੁਰੂ ਹੋਣ ਵਾਲੀ ਇਸ ਦੌੜ ਵਿਚ ਸਮੇਂ ਸਿਰ ਸ਼ਾਮਲ ਹੋ ਸਕੇ। ਉਹ ਉਸ ਮਾਲਕ ਪ੍ਰਮਾਤਮਾ ਅੱਗੇ ਅਰਦਾਸ ਵੀ ਕਰ ਰਿਹਾ ਸੀ ਕਿ ਕਰੋਨਾ ਮਹਾਂਮਾਰੀ ਦਾ ਜਲਦੀ ਤੋਂ ਜਲਦੀ ਖ਼ਾਤਮਾ ਹੋਵੇ ਅਤੇ ਉਹ ਅਗਲੇ ਸਾਲ ਰੇਸ ਦੇ ਇਸ ਮਹਾਨ ਈਵੈਂਟ ਵਿਚ ਅਸਲੀ ਰੂਪ ਵਿਚ ਦੌੜ ਕੇ ਆਪਣੀ ਹਾਜ਼ਰੀ ਲਵਾ ਸਕੇ।







GUNTAAS RADIO AM 530

Monday to Friday 10am to 11am

Jaswinder Kaur Taggar

jaswindertaggar3@yahoo.ca

647-765-2340 • For Marketing 647-656-6648



# ਕੈਨੇਡਾ ਦੀ 'ਮਹਾਨ ਟਰੇਲ' ਅਤੇ ਪੰਜਾਬੀ


ਇੰਜ. ਈਸ਼ਰ ਸਿੰਘ
ਫ਼ੋਨ: 647-640-2014

ਪੀਲ ਰੀਜਨ ਦੇ ਉੱਤਰੀ ਸ਼ਹਿਰ ਕੈਲੇਡਨ ਵਿੱਚੋਂ ਦੀ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਇਕ ਬਹੁਤ ਹੀ ਪਿਆਰੀ ਸੈਰ-ਗਾਹ (ਟਰੇਲ) ਲੰਘਦੀ ਹੈ, ਜਿਹੜੀ ਕਿ ਕੈਨੇਡਾ ਦੀ 'ਮਹਾਨ ਟਰੇਲ' ('ਦ ਗਰੇਟ ਟਰੇਲ) ਦਾ ਇਕ ਹਿੱਸਾ ਹੈ। ਮਹਾਨ ਟਰੇਲ ਦਾ ਪਹਿਲਾ ਨਾਂ 'ਟਰਾਂਸ ਕਨੇਡਾ ਟਰੇਲ' (ਟੀ.ਸੀ.ਟੀ.) ਸੀ। ਇਸ ਦੀ ਲੰਬਾਈ 24,000 ਕਿਲੋਮੀਟਰ ਹੈ ਅਤੇ ਇਹ ਦੁਨੀਆਂ ਦੀ ਸੱਭ ਤੋਂ ਲੰਮੀ ਟਰੇਲ ਹੈ। ਇਹ ਕੈਨੇਡਾ ਦੇ ਹਰੇਕ ਪ੍ਰੋਵਿੰਸ ਅਤੇ ਇਸ ਦੀ ਹਰੇਕ ਟੈਰੀਟਰੀ ਵਿੱਚੋਂ ਲੰਘਦੀ ਹੈ। ਪਰਿਭਾਸ਼ਾ ਦੇ ਪੱਖੋਂ ਇਹ ਕੇਵਲ ਇਕ 'ਟਰੇਲ' ਨਾ ਹੋ ਕੇ ਕੈਨੇਡਾ ਦੇ ਪੂਰਬ ਤੋਂ ਲੈ ਕੇ ਉੱਤਰੀ ਅਤੇ ਪੱਛਮੀ ਭਾਗਾਂ ਦੇ ਵੱਖ-ਵੱਖ ਹਿੱਸਿਆਂ ਦੀਆਂ 400 ਦੇ ਲੱਗਭੱਗ ਛੋਟੀਆਂ-ਵੱਡੀਆਂ ਟਰੇਲਾਂ ਨੂੰ ਲੋੜ ਅਨੁਸਾਰ ਜੋੜ ਕੇ ਬਣਾਈ ਇਕ ਲੜੀ ਹੈ। ਇਹ ਕੈਨੇਡਾ ਦੇ ਧੁਰ ਪੂਰਬੀ ਸ਼ਹਿਰ ਸੇਂਟ ਜੌਹਨ ਤੋਂ ਸ਼ੁਰੂ ਹੋ ਕੇ ਪੱਛਮ ਵਿਚ ਵਿਕਟੋਰੀਆ ਸ਼ਹਿਰ ਅਤੇ ਫਿਰ ਉੱਤਰ ਵੱਲ ਟੁੰਡਰਾ ਤੱਕ ਹੈ। ਤਸਵੀਰ ਵਿਚ ਵਿਖਾਇਆ ਗਿਆ ਇਸਦਾ ਨਕਸ਼ਾ ਵੇਖ ਕੇਂ ਇਹ ਸਪੱਸ਼ਟ ਹੋ ਜਾਂਦਾ ਹੈ। ਨਕਸ਼ੇ ਵਿਚ ਲਾਲ ਅਤੇ ਹਰੀਆਂ ਲਾਈਨਾਂ ਦੀ ਸਹਾਇਤਾ ਨਾਲ ਦਰਸਾਈ ਗਈ ਇਸ ਟਰੇਲ ਦਾ ਸੱਭ ਤੋਂ ਲੰਮਾ ਹਿੱਸਾ 5,000 ਕਿਲੋਮੀਟਰ ਤੋਂ ਵਧੇਰੇ ਸਾਡੇ ਪ੍ਰੋਵਿੰਸ ਓਨਟਾਰੀਓ ਵਿੱਚੋਂ ਲੰਘਦਾ ਹੈ। ਲਾਲ ਰੰਗ ਦੀ ਲਾਈਨ ਟਰੇਲ ਜ਼ਮੀਨੀ ਰਸਤੇ ਨੂੰ ਦਰਸਾਉਂਦੀ ਹੈ, ਜਦ ਕਿ ਭੂਰੇ ਰੰਗ ਦੀ ਲਾਈਨ ਇਸ ਦੇ ਪਾਣੀ ਵਾਲੇ ਅਤੇ ਬਰਫ਼ਾਨੀ ਰਸਤੇ ਨੂੰ ਪਗ੍ਰਟਾਅ ਰਹੀ ਹੈ।

ਇਸ ਤਰ੍ਹਾਂ ਇਹ ਟਰੇਲ ਕੈਨੇਡਾ ਦੇ ਅਦੁੱਤੀ ਕੁਦਰਤੀ ਨਜ਼ਾਰਿਆਂ ਦੀ ਇਕ ਖ਼ੂਬਸੂਰਤ ਨੁਮਾਇਸ਼ ਹੈ ਅਤੇ ਆਪਣੀ ਮਿਸਾਲ ਆਪ ਹੈ। ਇਹ ਕੈਨੇਡਾ ਦੇ ਵੱਖ-ਵੱਖ ਸੂਬਿਆਂ ਅਤੇ ਟੈਰੀਟਰੀਆਂ ਵਿਚ ਪੱਧਰੀਆਂ ਅਤੇ ਉੱਚੀਆਂ-ਨੀਵੀਆਂ ਥਾਵਾਂ, ਸੰਘਣੇ ਜੰਗਲਾਂ, ਹਰਿਆਵਲੇ ਰਸਤਿਆਂ, ਵੱਡੇ-ਛੋਟੇ ਸ਼ਹਿਰਾਂ, ਕਨਜ਼ਰਵੇਸ਼ਨ-ਖ਼ਿੱਤਿਆਂ, ਕੱਚੀਆਂ-ਪੱਕੀਆਂ ਸੜਕਾਂ, ਨਦੀਆਂ-ਨਾਲ਼ਿਆਂ, ਝੀਲਾਂ, ਪਹਾੜਾਂ ਅਤੇ ਕਈ ਥਾਈਂ ਦਰਿਆਂਵਾਂ ਤੇ ਸਮੁੰਦਰ ਦੇ ਕੁਝ ਹਿੱਸਿਆਂ ਉੱਪਰੋਂ ਦੀ ਲੰਘਦੀ ਇਕ ਵੱਖਰੀ ਕਿਸਮ ਦਾ ਅਜੂਬਾ ਹੈ। ਇਹ ਇਕ ਬਹੁ-ਮੰਤਵੀ ਸੈਰ-ਗਾਹ ਹੈ ਜਿਸ 'ਤ ਹੇਠ-ਲਿਖੀਆਂ ਖੇਡ-ਕਾਰਵਾਈਆਂ ਕੀਤੀਆਂ ਜਾਂਦੀਆਂ ਹਨ:

- ਹਾਈਕਿੰਗ
- ਟਰੈਕਿੰਗ
- ਸਾਈਕਲਿੰਗ
- ਘੋੜ-ਸਵਾਰੀ
- ਸਕੀਇੰਗ
- ਪੈਡਲਿੰਗ
- ਸਨੋਅ-ਮੋਬਾਈਲਿੰਗ
- ਸਨੋਅ-ਬੋਰਡਿੰਗ

ਇਸ ਤੋਂ ਇਲਾਵਾ ਇਸ ਟਰੇਲ ਦਾ ਕੈਨੇਡਾ ਦੀ ਆਰਥਿਕ ਤਰੱਕੀ ਵਿਚ ਵੀ ਭਰਵਾਂ ਯੋਗਦਾਨ ਹੈ। ਖੇਡਾਂ ਦੇ ਸਮਾਨ ਦੀ ਵਿਕਰੀ ਵਿਚ ਵਾਧਾ, ਹੋਟਲਾਂ-ਮੋਟਲਾਂ, ਰਹਿਣ-ਸਹਿਣ ਅਤੇ ਖਾਣ-ਪੀਣ ਦੀ ਸਮੱਗਰੀ ਨਾਲ ਜੁੜੇ ਹਰ ਤਰ੍ਹਾਂ ਦੇ ਕਾਰੋਬਾਰ ਵਿਚ ਵਾਧਾ, ਨਵੇਂ ਲਿੰਕ ਰਸਤੇ, ਵੱਡੇ-ਛੋਟੇ ਪੁਲ਼ ਅਤੇ ਸੁਰੱਖਿਆ ਨਾਲ ਜੁੜੇ ਯੰਤਰਾਂ ਦੀ ਨਵ-ਉਸਾਰੀ ਇਸ ਵਿਚ ਮੁੱਖ ਤੌਰ 'ਤੇ ਸ਼ਾਮਲ ਹਨ। ਭਾਵੇਂ ਫ਼ੈੱਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਸਰਕਾਰਾਂ ਵੀ ਇਸ ਦੀ ਬਣਤਰ ਅਤੇ ਸਾਂਭ-ਸੰਭਾਲ ਵਿਚ ਆਪਣਾ ਯੋਗਦਾਨ ਪਾ ਰਹੀਆਂ ਹਨ, ਪਰ ਇਸ ਟਰੇਲ ਦੇ ਬਹੁਤੇ ਕੰਮ ਦਾਨ ਅਤੇ ਵਾਲੰਟੀਅਰ ਸੇਵਾਵਾਂ ਰਾਹੀਂ ਕਰਵਾਏ ਜਾ ਰਹੇ ਹਨ। ਇਸ ਦੇ ਨਾਲ ਹੀ ਇਹ ਟਰੇਲ ਕੈਨੇਡਾ ਦੇ 'ਬਹੁ-ਸੱਭਿਆਚਾਰੀ ਤਾਣੇ-ਬਾਣੇ' ਵਿਚ ਵਡਮੁੱਲਾ ਹਿੱਸਾ ਪਾਉਂਦੀ ਹੈ ਅਤੇ ਇਸ ਦੀ ਬਹੁ-ਸੱਭਿਆਚਾਰਕ ਦਿੱਖ (ਮਲਟੀਕਲਚਰਿਜ਼ਮ) ਅਤੇ ਆਪਸੀ-ਸਾਂਝ ਦੀ ਵੀ ਪ੍ਰਤੀਕ ਹੈ। ਇਸ 'ਤੇ ਸੈਰ ਕਰਦਿਆਂ ਸਾਨੂੰ ਹਰ ਵਰਗ, ਖਿੱਤੇ, ਨਸਲ ਅਤੇ ਕੌਮ ਨਾਲ ਸਬੰਧਿਤ ਕੈਨੇਡੀਅਨ ਸ਼ਹਿਰੀ ਆਪਸ ਵਿਚ 'ਹੈਲੋ-ਹਾਏ' ਅਤੇ 'ਸਾਹਬ-ਸਲਾਮ' ਕਰਦਿਆਂ ਮਿਲ ਜਾਣਗੇ।




ਪਹਿਲਾਂ ਵਰਨਣ ਕਾਰਵਾਈਆਂ ਅਤੇ ਇਨ੍ਹਾਂ ਨਾਲ ਜੁੜੀਆਂ ਗੱਲਾਂ ਭਾਵੇਂ ਸਾਡੇ ਪੰਜਾਬੀ ਜੀਵਨ ਅਤੇ ਸੱਭਿਆਚਾਰ ਹਿੱਸਾ ਨਹੀਂ, ਫਿਰ ਵੀ ਅਸੀਂ ਇਨ੍ਹਾਂ ਨੂੰ ਅਪਨਾਉਣ ਵਿਚ ਕੁਝ ਹੱਦ ਤੀਕ ਸਫ਼ਲ ਹੋਏ ਹਾਂ। ਇਹ ਵੱਖਰੀ ਗੱਲ ਹੈ ਕਿ ਓਨੇ ਨਹੀ,' ਜਿੰਨੀ ਇਸ ਦੀ ਜ਼ਰੂਰਤ ਹੈ। ਪੰਜਾਬੀਆਂ ਨੇ ਇਨ੍ਹਾਂ ਟਰੇਲਾਂ 'ਤੇ ਸੈਰ ਕਰਨੀ ਸ਼ੁਰੂ ਤਾਂ ਕਰ ਦਿੱਤੀ ਹੈ ਅਤੇ ਕੁਝ ਇਨ੍ਹਾਂ ਉੱਪਰ ਜੌਗਿੰਗ ਅਤੇ ਸਾਈਕਲਿੰਗ ਕਰਦੇ ਵੀ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਗਿਣਤੀ ਦੂਸਰੀਆਂ ਕਮਿਊਨਿਟੀਆਂ ਦੇ ਮੁਕਾਬਲੇ ਅਜੇ ਬਹੁਤ ਘੱਟ ਹੈ। ਸਾਡੇ ਪੰਜਾਬੀਆਂ ਲਈ ਘੋੜ-ਸਵਾਰੀ, ਸਕੀਇੰਗ, ਪੈਡਲਿੰਗ, ਸਨੋਅ ਬੋਰਡਿੰਗ ਅਤੇ ਸਨੋਅ-ਮੋਬਾਈਲਿੰਗ ਅਜੇ ਦੂਰ ਦੀਆਂ ਗੱਲਾਂ ਹਨ। ਏਸੇ ਕਰਕੇ ਅਸੀਂ ਅਜੇ ਕੈਨੇਡਾ ਦੀਆਂ ਇਨ੍ਹਾਂ ਟਰੇਲਾਂ ਤੋਂ ਪੂਰਾ ਲਾਭ ਨਹੀਂ ਉਠਾ ਰਹੇ। ਪਰ ਇਸ ਦੇ ਨਾਲ ਹੀ ਵਧੀਆ ਗੱਲ ਇਹ ਵੀ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਇਸ ਪੱਖ ਤੋਂ ਸਾਡੇ ਨਾਲੋਂ ਵਧੇਰੇ ਚੇਤੰਨ ਹੈ ਅਤੇ ਉਨ੍ਹਾਂ ਨੇ ਬਰਫ 'ਤੇ ਖੇਡੀਆਂ ਜਾਣ ਵਾਲੀਆਂ ਖੇਡਾਂ ਆਈਸ-ਹਾਕੀ, ਸਕੀਇੰਗ, ਸਕੇਟਿੰਗ, ਸਨੋਅ-ਬੋਰਡਿੰਗ, ਆਦਿ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ।

ਪ੍ਰਮਾਤਮਾ ਦੀ ਕਿਰਪਾ ਨਾਲ ਸਾਨੂੰ ਕੈਨੇਡਾ ਦੀ ਧਰਤੀ 'ਤੇ ਆਉਣ ਦਾ ਮੌਕਾ ਮਿਲਿਆ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਇੱਥੇ ਮਿਲਣ ਵਾਲੀਆਂ ਇਨ੍ਹਾਂ ਕੁਦਰਤੀ ਬਖ਼ਸ਼ਿਸ਼ਾਂ ਦਾ ਭਰਪੂਰ ਫ਼ਾਇਦਾ ਉਠਾਈਏ। ਖ਼ਾਸ ਕਰਕੇ ਅੱਜ ਦੇ ਚੱਲ ਰਹੇ ਕਰੋਨਾ ਮਹਾਂਮਾਰੀ ਦੌਰ ਵਿਚ ਤਾਂ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਜਦੋਂ ਕਿ ਕਰੋਨਾ ਦੇ ਭੈਅ ਨੇ ਸਾਨੂੰ ਅੰਦਰ ਬੈਠਣ ਲਈ ਮਜਬੂਰ ਕਰ ਦਿੱਤਾ ਹੈ। ਇਸ ਮਹਾਂਮਾਰੀ ਨੇ ਸਾਡੇ ਨਿਤਾ-ਪ੍ਰਤੀ ਜੀਵਨ ਦੇ ਕਈ ਬਹੁਤ ਜ਼ਰੂਰੀ ਪਰ ਸਾਡੇ ਵੱਲੋਂ ਅਣਗੌਲੇ ਪੱਖ ਸਾਡੇ ਸਾਹਮਣੇ ਉਜਾਗਰ ਕੀਤੇ ਹਨ। ਸਾਨੂੰ ਸੁਹਿਰਦਤਾ ਨਾਲ ਵਿਚਾਰ ਕਰਕੇ ਤੁਰੰਤ ਦੋ ਕਾਰਵਾਈਆਂ ਕਰਨਂ ਦੀ ਲੋੜ ਹੈ।

- ਕੁਦਰਤ ਦਾ ਬਣਦਾ ਸਤਿਕਾਰ ਕਰਨਾ ਅਤੇ ਉਸ ਦੇ ਰਾਹੀਂ ਬਖ਼ਸ਼ੀਆਂ ਹੋਈਆਂ ਪ੍ਰਮਾਤਮਾ ਦੀਆਂ ਦਾਤਾਂ ਦਾ ਪੂਰੇ ਸੰਜਮ ਵਿਚ ਰਹਿ ਕੇ ਸਰਬ-ਸਾਂਝੇ ਭਲੇ ਲਈ ਸਦ-ਉਪਯੋਗ ਕਰਨਾ।
- ਆਪੋ-ਆਪਣੀ ਸਿਹਤ ਦੀ ਸੰਭਾਲ ਅਤੇ ਇਸ ਵਿਚ ਸੁਧਾਰ ਕਰਨ ਲਈ ਪੂਰੀ ਤਰ੍ਹਾਂ ਸੁਚੇਤ ਰਹਿ ਕੇ ਭਰਪੂਰ ਯਤਨ ਕਰਨਾ।

ਇਨ੍ਹਾਂ ਦੋਹਾਂ ਗੱਲਾਂ ਦੀ ਆਪਸ ਵਿਚ ਇਕਸੁਰਤਾ ਦੇ ਨਾਲ਼-ਨਾਲ਼ ਇਹ ਦੋਵੇਂ ਸਾਨੂੰ ਘਰਾਂ, ਆਪਣੇ ਕੰਮਾਂ-ਕਾਰਾਂ ਅਤੇ ਰਿਹਾਇਸ਼ੀ ਬਿਲਡਿੰਗਾਂ ਵਿੱਚੋਂ ਬਾਹਰ ਨਿਕਲ ਕੇ ਕੁਦਰਤ ਨਾਲ ਇਕ-ਮਿਕ ਹੋਣ ਦੀਆਂ ਸਿੱਖਿਆਵਾਂ ਵੀ ਦਿੰਦੀਆਂ ਹਨ। ਇਨ੍ਹਾਂ ਉੱਪਰ ਸਹੀ ਤਰ੍ਹਾਂ ਅਮਲ ਕਰਨ ਵਾਸਤੇ ਟਰੇਲਾਂ 'ਤੇ ਜਾ ਕੇ ਉੱਪਰ ਦੱਸੀਆਂ ਗਈਆਂ ਕਾਰਵਾਈਆਂ ਸਾਡੇ ਲਈ ਬਹੁਤ ਮਦਦਗਾਰ ਸਾਬਤ ਹੋ ਸਕਦੀਆਂ ਹਨ।

'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' ਜਿੱਥੇ ਆਪਣੇ ਮੈਂਬਰਾਂ ਨੂੰ ਇਨ੍ਹਾਂ ਸਿੱਖਿਆਵਾਂ 'ਤੇ ਤੋਰਨ ਲਈ ਪੂਰੀ ਤਰ੍ਹਾਂ ਵਚਨ-ਬੱਧ ਹੈ, ਉੱਥੇ ਇਸ ਨੇ ਆਪਣੀ ਪੂਰੀ ਪੰਜਾਬੀ ਕਮਿਊਨਿਟੀ ਨੂੰ ਇਨ੍ਹਾਂ ਦੇ ਬਾਰੇ ਜਾਗਰੂਕ ਕਰਨ ਦਾ ਵੀ ਬੀੜਾ ਚੁੱਕਿਆ ਹੋਇਆ ਹੈ। ਇਸ ਲਈ ਇਹ ਕਲੱਬ ਆਪਣੇ ਮੈਂਬਰਾਂ ਦੀਆਂ ਪ੍ਰਾਪਤੀਆਂ ਬਾਰੇ ਦੱਸਣ ਦੇ ਨਾਲ਼ ਨਾਲ਼ ਅਖ਼ਬਾਰਾਂ ਵਿਚ ਵੱਖ-ਵੱਖ ਆਰਟੀਕਲ ਲਿਖਣ, ਪੰਜਾਬੀ ਰੇਡੀਓ ਤੇ ਟੀ.ਵੀ.ਚੈਨਲਾਂ ਉੱਪਰ ਸਿਹਤ ਸਬੰਧੀ ਵੱਖ-ਵੱਖ ਵਿਸ਼ਿਆਂ 'ਤੇ ਗੱਲਬਾਤ ਕਰਨ ਅਤੇ ਲੋਕਾਂ ਨੂੰ ਇੱਥੇ ਉਪਲੱਬਧ ਸਹੂਲਤਾਂ ਬਾਰੇ ਜਾਣਕਾਰੀ ਦੇਣ ਦੇ ਭਰਪੂਰ ਯਤਨ ਕਰਦਾ ਰਹਿੰਦਾ ਹੈ। ਟੀ.ਪੀ.ਏ.ਆਰ. ਕਲੱਬ ਇੱਥੇ ਆਪਣੇ ਵੀਰਾਂ-ਭੈਣਾਂ ਅੱਗੇ ਇਸ ਤਰ੍ਹਾਂ ਦੀ ਅਪੀਲ ਕਰਨਾ ਆਪਣਾ ਫ਼ਰਜ਼ ਵੀ ਸਮਝਦਾ ਹੈ ਅਤੇ ਆਪਣਾ ਹੱਕ ਵੀ। ਹੱਕ ਇਸ ਕਰਕੇ ਕਿ ਇਹ ਖ਼ੁਦ ਆਪਣੇ ਮੈਂਬਰਾਂ ਨੂੰ ਪੂਰੇ ਅਨੁਸਾਸ਼ਨ ਅਤੇ ਨੇਮ-ਬੱਧ ਢੰਗ ਨਾਲ ਸਿਹਤ ਸੰਭਾਲ ਅਤੇ ਸੁਧਾਰ ਦੀਆਂ ਗਤੀਵਿਧੀਆਂ ਵਿਚ ਲਗਾਤਾਰ ਲਾ ਕੇ ਰੱਖਦਾ ਹੈ। ਜਦੋਂ ਦਾ ਇਹ ਕਲੱਬ ਬਣਿਆਂ ਹੈ, ਉਦੋਂ ਤੋਂ ਹੀ ਇਸ ਦੇ ਮੈਂਬਰ ਐਸੀਆਂ ਦੌੜਾਂ, ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਅਤੇ ਹੋਰ ਅਜਿਹੀਆਂ ਕਈ ਈਵੈਂਟਾਂ ਵਿਚ ਭਾਗ ਲੈਂਦੇ ਆ ਰਹੇ ਹਨ ਜਿਹੜੀਆਂ ਕਿ ਸਿਰਫ਼ ਤੇ ਸਿਰਫ਼ ਚੈਰੀਟੇਬਲ ਮੰਤਵਾਂ ਲਈ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਵਿਸ਼ਵ ਪ੍ਰਸਿੱਧ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਦਾ ਨਾਂ ਖ਼ਾਸ ਤੌਰ 'ਤੇ ਵਰਨਣਯੋਗ ਹੈ। ਕਰੋਨਾ ਮਹਾਂਮਾਰੀ ਦੇ ਚੱਲ ਰਹੇ ਦੌਰ ਕਾਰਨ ਇਸ ਵਾਰ ਇਹ ਦੌੜ 'ਵਰਚੂਅਲ-ਢੰਗ' ਨਾਲ ਕਰਵਾਈ ਜਾ ਰਹੀ ਹੈ। ਟੀ.ਪੀ.ਏ.ਆਰ. ਕਲੱਬ ਵੱਲੋਂ ਇਹ ਦੌੜ ਇਸ 'ਮਹਾਨ ਟਰੇਲ' ਦੇ ਕੈਲਾਡਨ ਵਾਲੇ ਭਾਗ ਵਿਚ ਅਕਤੂਬਰ ਦੇ ਅਖ਼ੀਰ ਵਿਚ ਕਰਵਾਈ ਜਾ ਰਹੀ ਹੈ। ਕਲੱਬ ਦੇ ਸਾਰੇ ਮੈਂਬਰ ਇਸ ਦੇ ਲਈ ਅੱਜਕੱਲ੍ਹ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਸਮੇਂ 250 ਦੇ ਲੱਗਭੱਗ ਅਥਲੀਟ ਇਸ ਕਲੱਬ ਨਾਲ ਜੁੜੇ ਹੋਏ ਹਨ।

ਕਲੱਬ ਆਪਣੇ ਤਜਰਬੇ ਦੇ ਆਧਾਰ 'ਤੇਂ ਸਮਝਦਾ ਹੈ ਕਿ ਕੈਨੇਡਾ ਦੀ 'ਮਹਾਨ ਟਰੇਲ' ਬਾਰੇ ਇਹ ਮੁੱਢਲੀ ਜਾਣਕਾਰੀ ਸਾਡੀ ਕਮਿਊਨਿਟੀ ਦੇ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਅਤੇ ਕੁਦਰਤ ਵਿਚ ਵਿਚਰਨ ਲਈ ਉਤਸ਼ਾਹਿਤ ਕਰ ਸਕੇਗੀ, ਖ਼ਾਸ ਕਰਕੇ ਸਾਡੇ ਬੱਚਿਆਂ ਨੂੰ ਜਿਹੜੇ ਕਿ ਆਪਣੇ ਭਵਿੱਖ ਨੂੰ ਸ਼ਾਨਮਈ ਅਤੇ ਸਫ਼ਲ ਢੰਗ ਨਾਲ ਜਿਊਣ ਦੇ ਸੁਪਨੇ ਦੇਖ ਰਹੇ ਹਨ। ਇੱਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ-ਆਪ ਨੂੰ ਇਨ੍ਹਾਂ ਟਰੇਲਾਂ ਦੀ ਕਿਤਾਬੀ ਜਾਂ ਮਹਿਜ਼ ਨਕਸ਼ਾ-ਮਈ ਜਾਣਕਾਰੀ ਤੱਕ ਹੀ ਸੀਮਤ ਨਹੀਂ ਰੱਖਣਾ, ਸਗੋਂ ਇਸ ਤੋਂ ਅੱਗੇ ਜਾ ਕੇ ਪੂਰੀ ਤਰ੍ਹਾਂ ਡਰੈੱਸ-ਅੱਪ ਹੋ ਕੇ ਸੁਹਿਰਦਤਾ ਨਾਲ ਇਕ-ਇਕ ਕਦਮ ਨਾਲ ਇਨ੍ਹਾਂ ਟਰੇਲਾਂ ਨੂੰ ਵਾਰ-ਵਾਰ ਨਿੱਤ ਨਵੇਂ ਉਤਸ਼ਾਹ ਨਾਲ ਮਿਲਣਾ ਹੈ। ਅਸੀਂ ਉਨ੍ਹਾਂ ਹਿੰਮਤੀ ਸੱਜਣਾਂ ਤੋਂ ਉਤਸ਼ਾਹ ਪ੍ਰਾਪਤ ਕਰਨਾ ਹੈ ਜਿਹੜੇ ਸੈਂਕੜੇ ਮੀਲ ਇਨ੍ਹਾਂ ਉੱਪਰ ਤੁਰਦੇ ਹਨ ਜਾਂ ਹਜ਼ਾਰਾਂ ਕਿਲੋ ਮੀਟਰ ਇਨ੍ਹਾਂ ਉੱਪਰ ਸਾਈਕਲਿੰਗ ਕਰਦੇ ਹਨ। ਅਸੀਂ 'ਸੈਰਾਹ ਜੈਕਸਨ' ਨਾਂ ਦੀ 25 ਸਾਲਾ ਆਪਣੀ ਭੈਣ ਤੋਂ ਉਤਸ਼ਾਹ ਲੈਣਾ ਹੈ ਜਿਸ ਨੇ ਇਸ ਪੂਰੀ ਟਰੇਲ ਨੂੰ ਦੋ ਸਾਲਾਂ ਵਿਚ ਤੁਰ ਕੇ ਪੂਰਾ ਕੀਤਾ ਹੈ। ਅਸੀਂ ਪ੍ਰੇਰਨਾ ਲੈਣੀ ਹੈ 'ਡੇਨਾ ਮਾਇਜ਼ੀ' ਨਾਂ ਦੇ ਸੱਜਣ ਤੋਂ, ਜਿਸ ਨੇ ਨਵੰਬਰ 2018 ਵਿਚ ਇਹੀ ਕੰਮ ਪੂਰਾ ਕੀਤਾ। ਦਿਲਚਸਪ ਗੱਲ ਇਹ ਹੈ ਕਿ ਉਸ ਨੇ ਇਹ ਸਫਰ ਘਰੇਲੂ ਮੁਸ਼ਕਲਾਂ ਅਤੇ ਸਰੀਰਕ ਸੱਟਾਂ-ਫੇਟਾਂ ਦੇ ਬਾਵਜੂਦ ਦਸਾਂ ਸਾਲਾਂ ਵਿਚ ਪੂਰਾ ਕੀਤਾ। ਉਸ ਦੇ ਸਿਰੜ ਅਤੇ ਉਸ ਦੀ ਦ੍ਰਿੜ੍ਹਤਾ ਨੂੰ ਸਲਾਮ ਹੈ ਅਤੇ ਇਹ ਸਾਡੇ ਸਾਰਿਆਂ ਲਈ ਲਈ ਨਿਰੰਤਰ ਪ੍ਰੇਰਨਾ ਦਾ ਸਰੋਤ ਹੈ।

ਏਸੇ ਤਰਾ ਦੀ ਇਕ ਹੋਰ ਦਲੇਰਾਨਾ ਮੁਹਿੰਮ ਬਾਰੇ ਦੱਸਣਾ ਇੱਥੇ ਹੋਰ ਵੀ ਦਿਲਚਸਪ ਅਤੇ ਉਤਸ਼ਾਹ ਜਨਕ ਹੋਵੇਗਾ ਕਿ ਅੱਜ ਵੀ ਸੀਨ ਮਾਰਟਿਨ ਤੇ ਉਸ ਦੀ ਪਤਨੀ ਸੋਨੀਆ ਰਿਚਮੰਡ ਦੀ ਜੋੜੀ ਕੈਨੇਡਾ ਦੀ ਇਸ ਮਹਾਨ ਟਰੇਲ ਨੂੰ ਸਰ ਕਰਨ ਲਈ ਨਿਕਲੀ ਹੋਈ ਹੈ। ਉਨ੍ਹਾਂ ਨੇ ਇਹ ਕਾਰਜ 1 ਜੂਨ, 2019 ਨੂੰ ਆਰੰਭਿਆ ਸੀ ਅਤੇ ਉਹ ਅਕਤੂਬਰ 2022 ਤੱਕ ਇਸ ਨੂੰ ਪੂਰਾ ਕਰਨ ਦਾ ਉਪਰਾਲਾ ਕਰਨ ਪ੍ਰਤੀ ਦ੍ਰਿੜ੍ਹ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਉਨ੍ਹਾਂ ਵਾਂਗ ਮੈਦਾਨ ਵਿਚ ਉੱਤਰੀਏ। ਕੁਦਰਤ ਵੱਲੋਂ ਮਿਲੀ ਮਨੁੱਖਾ ਜਨਮ ਦੀ ਵਡਮੁੱਲੀ ਦਾਤ ਦੀ ਸਰੀਰਕ ਪੱਖ ਤੋਂ ਪੂਰੀ ਤਰ੍ਹਾਂ ਸੰਭਾਲ ਕਰੀਏ ਤਾਂ ਕਿ ਅਸੀ ਇਸ ਦੇ ਪਰਮਾਰਥੀ ਮੰਤਵ ਦੀ ਪ੍ਰਾਪਤੀ ਕਰਨ ਦੇ ਸਮਰੱਥ ਹੋ ਸਕੀਏ।

(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫ਼ੋਨ: 647-567-9128)

## ਹਾਈ ਕੋਰਟ ਵੱਲੋਂ ਸਿੱਧੂ ਮੂਸੇਵਾਲਾ ਦੀ ਗ੍ਰਿਫ਼ਤਾਰੀ ਲਈ ਡੀ ਜੀ ਪੀ ਅਤੇ ਹੋਰਨਾਂ ਨੂੰ ਨੋਟਿਸ

ਨਵਾਂਸ਼ਹਿਰ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਖ਼ਿਲਾਫ਼ ਸੰਗੀਨ ਧਾਰਾਵਾਂ ਦੇ ਕੇਸ ਦਰਜ ਹੋਣ ਦੇ ਬਾਵਜੂਦ ਪੁਲਸ ਵੱਲੋਂ ਉਸ ਨੂੰ ਗ੍ਰਿਫ਼ਤਾਰ ਨਾ ਕਰਨ ਕਰਕੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲਸ ਦੇ ਡੀ ਜੀ ਪੀ ਅਤੇ ਕਈ ਹੋਰ ਪੁਲਸ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਆਰ ਟੀ ਆਈ ਐਕਟਿਵਿਸਟ ਅਤੇ ਸਮਾਜਿਕ ਕਾਰਕੁਨਾਂ ਪਰਵਿੰਦਰ ਸਿੰਘ ਕਿੱਤਣਾ ਤੇ ਕੁਲਦੀਪ ਸਿੰਘ ਖਹਿਰਾ ਨੇ ਵਕੀਲ ਹਾਕਮ ਸਿੰਘ ਅਤੇ ਸਿਮਰਨਜੀਤ ਕੌਰ ਗਿੱਲ ਰਾਹੀਂ ਹਾਈ ਕੋਰਟ 'ਚ ਅਰਜ਼ੀ ਪਾ ਕੇ ਪੰਜਾਬ ਪੁਲਸ ਵੱਲੋਂ ਸਿੱਧੂ ਮੂਸੇ ਵਾਲਾ ਨੂੰ ਬਚਾਉਣ ਦੇ ਕਈ ਤੱਥ ਪੇਸ਼ ਕੀਤੇ ਹਨ। ਹਾਈ ਕੋਰਟ ਨੇ ਇਸ ਮਾਮਲੇ 'ਚ ਪੰਜਾਬ ਪੁਲਸ ਦੇ ਡੀ ਜੀ ਪੀ, ਬਰਨਾਲਾ ਅਤੇ ਸੰਗਰੂਰ ਦੇ ਜ਼ਿਲਾ ਪੁਲਸ ਮੁਖੀਆਂ, ਥਾਣਾ ਸਦਰ (ਮਾਨਸਾ), ਧਨੌਲਾ (ਬਰਨਾਲਾ) ਅਤੇ ਧੂਰੀ (ਸੰਗਰੂਰ) ਦੇ ਥਾਣਾ ਮੁਖੀਆਂ, ਸੰਗਰੂਰ ਦੇ ਸਸਪੈਂਡਿਡ ਡੀ ਐਸ ਪੀ (ਐੱਚ) ਦਲਜੀਤ ਸਿੰਘ ਵਿਰਕ, ਫਾਇਰਿੰਗ ਰੇਂਜ ਆਈ ਆਰ ਬੀ ਦੂਜੀ ਬਟਾਲੀਅਨ ਲੱਡਾ ਕੋਠੀ ਦੇ ਇੰਚਾਰਜ ਪ੍ਰਿਤਪਾਲ ਸਿੰਘ ਬਿੰਦ, ਏ ਐਸ ਆਈ ਬਲਕਾਰ ਸਿੰਘ ਤੋਂ ਇਲਾਵਾ ਚਾਰ ਹੋਰ ਪੁਲਸ ਮੁਲਾਜ਼ਮਾਂ ਅਤੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਨਾਲ ਤਿੰਨ ਹੋਰ ਵਿਅਕਤੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 28 ਅਕਤੂਬਰ ਮਿੱਥੀ ਗਈ ਹੈ।

## ਫੈਡਰਲ ਸਰਕਾਰ ਵੱਲੋਂ ਕੈਨੇਡਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੋਵਿਡ-19 ਰਿਕਵਰੀ ਯੋਜਨਾ ਰੂਪ ਰੇਖਾ ਉਲੀਕੀ ਗਈ

"ਥ੍ਰੋਨ ਸਪੀਚ 'ਚ ਹਰ ਵਰਗ ਦਾ ਰੱਖਿਆ ਗਿਆ ਖ਼ਿਆਲ, ਫੈਡਰਲ ਲਿਬਰਲ ਸਰਕਾਰ ਰਿਕਵਰੀ ਦੌਰਾਨ ਕੈਨੇਡੀਅਨਜ਼ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਵਚਨਬੱਧ" : ਸੋਨੀਆ ਸਿੱਧੂ



ਬਰੈਂਪਟਨ - ਕੈਨੇਡਾ ਦੇ ਪ੍ਰਧਾਨ ਮੰਤਰੀ, ਮਾਣਯੋਗ ਜਸਟਿਨ ਟਰੂਡੋ ਵੱਲੋਂ ਪਿਛਲੇ ਹਫ਼ਤੇ ਥ੍ਰੋਨ ਸਪੀਚ ਰਾਹੀਂ "ਮਜ਼ਬੂਤ" ਕੈਨੇਡਾ ਬਣਾਉਣ ਦਾ ਵਾਅਦਾ ਕੀਤਾ ਗਿਆ ਹੈ। ਉਹਨਾਂ ਨੇ ਕੋਵਿਡ-19 ਨਾਮੀ ਮਹਾਂਮਾਰੀ ਤੋਂ ਉਭਰ ਰਹੇ ਕੈਨੇਡਾ ਲਈ ਕਈ ਅਹਿਮ ਯੋਜਨਾਵਾਂ ਲਾਗੂ ਕਰਨ ਦਾ ਵਾਅਦਾ ਕੀਤਾ ਤਾਂ ਜੋ ਰਿਕਵਰੀ ਦੌਰਾਨ ਕੈਨੇਡੀਅਨਜ਼ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾ ਸਕੇ।

ਇਸ ਸਬੰਧੀ ਆਪਣੇ ਵਿਚਾਰ ਰੱਖਦਿਆਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਉਹ ਥ੍ਰੋਨ ਸਪੀਚ 'ਚ ਕਹੀਆਂ ਗਈਆਂ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਨ। ਅੱਗੇ ਗੱਲ ਕਰਦਿਆਂ ਉਹਨਾਂ ਨੇ ਕਿਹਾ,"ਇਸ ਸਾਲ ਦੇ ਸ਼ੁਰੂ ਵਿੱਚ ਕੋਵਿਡ -19 ਮਹਾਂਮਾਰੀ ਦੀ ਸ਼ੁਰੂਆਤ ਹੋਣ ਤੋਂ ਬਾਅਦ ਕੈਨੇਡੀਅਨਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਇਹ ਮਹਾਂਮਾਰੀ ਸਭ ਤੋਂ ਗੰਭੀਰ ਜਨਤਕ ਸਿਹਤ ਸੰਕਟ ਹੈ, ਜਿਸਦਾ ਕੈਨੇਡਾ ਸਮੇਤ ਸਾਰੇ ਵਿਸ਼ਵ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਜਵਾਬ ਵਿੱਚ, ਸਰਕਾਰ ਨੇ ਉਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਯੋਜਨਾ ਦੀ ਰੂਪ ਰੇਖਾ ਤਿਆਰ ਕੀਤੀ ਹੈ, ਜਿਸ 'ਚ ਮੁੱਖ ਤਰਜੀਹਾਂ ਅਤੇ ਲੋੜ੍ਹਾਂ ਦਾ ਧਿਆਨ ਰੱਖਿਆ ਗਿਆ ਹੈ, ਜਿਵੇਂ ਕਿ ਮਹਾਂਮਾਰੀ ਨਾਲ ਲੜ੍ਹਨਾ ਅਤੇ ਜਾਨਾਂ ਬਚਾਉਣਾ, ਇਸ ਸੰਕਟ ਦੇ ਸਮੇਂ ਲੋਕਾਂ ਅਤੇ ਕਾਰੋਬਾਰਾਂ ਦਾ ਸਮਰਥਨ ਕਰਨਾ, ਬਿਹਤਰ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ, ਅਤੇ ਕੈਨੇਡੀਅਨਜ਼ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨਾ।

ਫੈਡਰਲ ਸਰਕਾਰ ਵੱਲੋਂ ਕੋਵਿਡ-19 ਦੌਰਾਨ ਸੀਈਆਰਬੀ ਨਾਲ ਲਗਭਗ 9 ਮਿਲੀਅਨ ਕੈਨੇਡੀਅਨਾਂ ਦੀ ਸਹਾਇਤਾ ਲਈ ਤੁਰੰਤ ਕਾਰਵਾਈ ਕੀਤੀ ਹੈ ਜਦਕਿ ਸੀਈਡਬਲਯੂਐਸ ਦੁਆਰਾ 3.5 ਮਿਲੀਅਨ ਤੋਂ ਵੱਧ ਦੀ ਸਹਾਇਤਾ ਕੀਤੀ ਗਈ ਹੈ ਅਤੇ ਸਰਕਾਰ ਕੈਨੇਡੀਅਨਜ਼ ਦੀ ਮਦਦ ਕਰਨੀ ਜਾਰੀ ਰੱਖੇਗੀ।"

ਲਿਬਰਲ ਸਰਕਾਰ ਵੱਲੋਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਕਾਰੋਬਾਰਾਂ ਦੀ ਸਹਾਇਤਾ ਲਈ ਵੇਜ ਸਬਸਿਡੀ ਵਧਾਉਣ ਤੋਂ ਇਲਾਵਾ, ਕੈਨੇਡਾ ਐਮਰਜੈਂਸੀ ਵਪਾਰ ਖਾਤੇ ਦਾ ਵਿਸਥਾਰ ਕਰਨਾ; ਵਪਾਰ ਕ੍ਰੈਡਿਟ ਉਪਲਬਧਤਾ ਪ੍ਰੋਗਰਾਮ ਨੂੰ ਸੁਧਾਰਨਾ; ਅਤੇ ਉਨ੍ਹਾਂ ਉਦਯੋਗਾਂ ਲਈ ਵਧੇਰੇ ਸਹਾਇਤਾ ਪ੍ਰਦਾਨ ਕਰਨਾ, ਜਿਹੜੇ ਸਭ ਤੋਂ ਵੱਧ ਮੁਸ਼ਕਿਲ ਦਾ ਸਾਹਮਣਾ ਕਰ ਰਹੇ ਹਨ, ਜਿਸ ਵਿੱਚ ਯਾਤਰਾ ਅਤੇ ਸੈਰ-ਸਪਾਟਾ, ਅਤੇ ਪ੍ਰਦਰਸ਼ਨਕਾਰੀ ਕਲਾਵਾਂ ਵਰਗੇ ਸਭਿਆਚਾਰਕ ਉਦਯੋਗ ਸ਼ਾਮਲ ਹਨ।

ਇਸ ਤੋਂ ਇਲਾਵਾ ਸਰਕਾਰ ਆਰਥਿਕਤਾ ਵਿੱਚ ਔਰਤਾਂ ਲਈ ਇੱਕ ਕਾਰਜ ਯੋਜਨਾ ਤਿਆਰ ਕਰੇਗੀ ਤਾਂ ਜੋ ਵਧੇਰੇ ਮਹਿਲਾਵਾਂ ਨੂੰ ਕੰਮ 'ਤੇ ਵਾਪਸ ਆਉਣ ਵਿੱਚ ਸਹਾਇਤਾ ਕੀਤੀ ਜਾ ਸਕੇ। ਇਹ ਯੋਜਨਾ ਮਾਹਰਾਂ ਦੀ ਇੱਕ ਟਾਸਕ ਫੋਰਸ ਦੁਆਰਾ ਨਿਰਦੇਸ਼ਤ ਕੀਤੀ ਜਾਏਗੀ ਤਾਂ ਜੋ ਇਸ ਸਬੰਧੀ ਸੁਝਾਵਾਂ ਦੀ ਸਰਕਾਰ ਤੱਕ ਅਸਾਨੀ ਨਾਲ ਪਹੁੰਚ ਬਣਾਈ ਜਾ ਸਕੇ।

ਮਹਿਲਾਵਾਂ ਨੂੰ ਮੁੜ੍ਹ ਤੋਂ ਕੰਮ 'ਤੇ ਪਰਤਣ 'ਚ ਸਹਾਇਤਾ ਕਰਨ ਲਈ ਕੈਨੇਡੀਅਨਾਂ ਨੂੰ ਵਧੇਰੇ ਪਹੁੰਚਯੋਗ, ਕਿਫਾਇਤੀ, ਸੰਮਿਲਿਤ ਅਤੇ ਉੱਚ ਗੁਣਵੱਤਾ ਵਾਲੇ ਬੱਚਿਆਂ ਦੀ ਦੇਖਭਾਲ ਦੀ ਜ਼ਰੂਰਤ ਹੈ, ਇਸ ਚੁਣੌਤੀ ਦੀ ਅਹਿਮੀਅਤ ਨੂੰ ਪਛਾਣਦੇ ਹੋਏ, ਸਰਕਾਰ ਇੱਕ ਵਿਆਪਕ ਕੈਨੇਡਾ ਵਿੱਚ ਵਿਆਪਕ ਛੇਤੀ ਸਿਖਲਾਈ ਅਤੇ ਬੱਚਿਆਂ ਦੀ ਦੇਖਭਾਲ ਪ੍ਰਣਾਲੀ ਬਣਾਉਣ ਲਈ ਨਿਵੇਸ਼ ਕਰੇਗੀ।

ਜਿੱਥੇ ਇੱਕ ਪਾਸੇ ਫੈਡਰਲ ਲਿਬਰਲ ਸਰਕਾਰ ਵੱਲੋਂ ਸੀਈਆਰਬੀ ਨਾਲ ਲਗਭਗ 9 ਮਿਲੀਅਨ ਕੈਨੇਡੀਅਨਜ਼ ਦੀ ਸਹਾਇਤਾ ਕੀਤੀ ਗਈ ਹੈ, ਉਥੇ ਹੀ ਹੁਣ ਰਿਕਵਰੀ ਪ੍ਰੋਗਰਾਮਾਂ ਤਹਿਤ ਕਾਮਿਆਂ ਦੀ ਮਦਦ ਨੂੰ ਇਸ ਤਰ੍ਹਾਂ ਹੀ ਜਾਰੀ ਰੱਖਿਆ ਜਾਵੇਗਾ, ਜਿਸ ਤਹਿਤ ਸੀਆਰਬੀ, ਸੀਆਰਐਸਬੀ, ਅਤੇ ਸੀਆਰਸੀਬੀ ਪ੍ਰੋਗਰਾਮਾਂ ਰਾਹੀ ਕੈਨੇਡੀਅਨਜ਼ ਵਿੱਤੀ ਸਹਾਇਤਾ ਪ੍ਰਾਪਤ ਕਰ ਸਕਣਗੇ।

ਕੈਨੇਡੀਅਨਜ਼ ਨੂੰ ਕੋਵਿਡ-19 ਤੋਂ ਸੁਰੱਖਿਅਤ ਰਹਿਣ ਲਈ ਜਿੱਥੇ ਵਸਨੀਕਾਂ ਨੂੰ ਕੋਵਿਡ-19 ਅਲਰਟ ਮੋਬਾਈਲ ਐਪ ਡਾਊਨਲੋਡ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ, ਉਥੇ ਹੀ ਵਰਚੂਅਲ ਹੈਲਥ ਕੇਅਰ 'ਚ ਹੋਰ ਵਾਧਾ ਕਰਨ ਲਈ, ਮਾਨਸਿਕ ਸਿਹਤ ਲਈ ਸੁਖਾਲੀ ਪਹੁੰਚ ਦੇ ਨਾਲ ਕੌਮੀ ਅਤੇ ਵਿਸ਼ਵਵਿਆਪੀ ਫਾਰਮਾਕੇਅਰ ਅਤੇ ਦੁਰਲੱਭ ਬਿਮਾਰੀ ਰਣਨੀਤੀ (ਰੇਅਰ ਡੀਸੀਜ਼ ਸਟ੍ਰਾਰੇਜੀ) ਵੀ ਥ੍ਰੋਨ ਸਪੀਚ 'ਚ ਸ਼ਾਮਲ ਹੈ।

ਲੌਂਗ ਟਰਮ ਕੇਅਰ ਹੋਮਜ਼ ਦੇ ਮੁੱਦੇ 'ਤੇ ਬੋਲਦਿਆਂ ਸੋਨੀਆ ਸਿੱਧੂ ਨੇ ਕਿਹਾ ਕਿ ਕੋਵਿਡ-19 ਦੌਰਾਨ ਲੌਂਗ ਟਰਮ ਕੇਅਰ ਹੋਮਜ਼ 'ਚ ਹੋਣ ਵਾਲੀਆਂ ਮੌਤਾਂ ਕੈਨੇਡਾ ਵਿੱਚ ਹੋਣ ਵਾਲੀਆਂ ਸਾਰੀਆਂ ਕੋਵਿਡ ਨਾਲ ਹੋਈਆਂ ਮੌਤਾਂ ਦਾ 80% ਹਨ। ਅਤੇ ਮਈ ਦੇ ਅਖੀਰ ਵਿਚ, ਕੈਨੇਡੀਅਨ ਆਰਮਡ ਫੋਰਸਿਜ਼ ਵੱਲੋਂ ਲੌਂਗ ਟਰਮ ਕੇਅਰ ਹੋਮਜ਼ 'ਚ ਸੀਨੀਅਰਜ਼ ਨਾਲ ਹੋ ਰਹੇ ਦੁਰਵਿਹਾਰ ਦੀ ਰਿਪੋਰਟ ਦੁਖਦਾਈ ਸੀ ਅਤੇ ਇਸ ਰਿਪੋਰਟ ਵਿਚ ਦੱਸੇ ਗਏ ਇਨ੍ਹਾਂ ਕੇਅਰ ਹੋਮਜ਼ 'ਚੋਂ ਇਕ ਬਰੈਂਪਟਨ ਸਾਊਥ 'ਚ ਹੈ।

ਇਸੇ ਲਈ ਮਈ ਤੋਂ, ਮੈਂ ਸੀਨੀਅਰਜ਼ ਦੀ ਸੁਰੱਖਿਆ ਅਤੇ ਬਿਹਤਰ ਦੇਖਭਾਲ ਲਈ ਲੋੜੀਂਦੀਆਂ ਤਬਦੀਲੀਆਂ ਦੀ ਲਈ ਹੋਰ ਸੰਸਦ ਮੈਂਬਰਾਂ ਨਾਲ ਮਿਲਕੇ ਕੰਮ ਕਰਨਾ ਸ਼ੁਰੂ ਕੀਤਾ ਸੀ ਅਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਫੈਡਰਲ ਸਰਕਾਰ ਅਤੇ ਪ੍ਰਧਾਨ ਮੰਤਰੀ ਨੇ ਇਹਨਾਂ ਸਮੱਸਿਆਵਾਂ ਨੂੰ ਸੁਣਿਆ ਹੈ, ਅਤੇ ਨਾਲ ਹੀ ਉਨ੍ਹਾਂ ਨੇ ਥ੍ਰੋਨ ਸਪੀਚ 'ਚ ਇਹ ਸਾਫ ਕਰ ਦਿੱਤਾ ਹੈ ਕਿ ਲੌਂਗ ਟਰਮ ਕੇਅਰ ਹੋਮਜ਼ ਲਈ ਨੈਸ਼ਨਲ ਸਟੈਂਡਰਡ ਬਣਨਗੇ ਅਤੇ ਦੇਖ-ਰੇਖ ਹੇਠ ਬਜ਼ੁਰਗਾਂ ਨੂੰ ਨਜ਼ਰਅੰਦਾਜ਼ ਕਰਨ ਵਾਲਿਆਂ ਨੂੰ ਜ਼ੁਰਮਾਨਾ ਦੇਣ ਲਈ ਅਪਰਾਧਿਕ ਕੋਡ ਵਿਚ ਸੋਧ ਕਰਨਗੇ। ਇਹ ਸੁਨਿਸ਼ਚਿਤ ਕਰਨ ਲਈ ਇਹ ਇਕ ਮਹੱਤਵਪੂਰਨ ਕਦਮ ਹੈ ਕਿ ਇਸ ਤਰ੍ਹਾਂ ਦਾ ਦੁਖਾਂਤ ਦੁਬਾਰਾ ਕਦੇ ਨਹੀਂ ਵਾਪਰੇਗਾ ਅਤੇ ਸਾਡੇ ਦੇਸ਼ ਵਿਚ ਬਜ਼ੁਰਗਾਂ ਨੂੰ ਉਹ ਦੇਖਭਾਲ ਮਿਲਦੀ ਰਹੇਗੀ ਜਿਸਦੇ ਉਹ ਹੱਕਦਾਰ ਹਨ। ਮੈਨੂੰ ਇਸ ਪ੍ਰਾਪਤੀ 'ਤੇ ਬਹੁਤ ਮਾਣ ਹੈ, ਬਰੈਂਪਟਨ ਸਾਊਥ ਅਤੇ ਪੂਰੇ ਕੈਨੇਡਾ ਵਿਚ ਬਜ਼ੁਰਗਾਂ ਲਈ ਇਹ ਇਕ ਵੱਡੀ ਜਿੱਤ ਹੈ।"

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਫਾਰਮ ਵਿਚ ਕਾਮਿਆਂ ਦੀ ਲੋੜ

ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।

ਸੰਪਰਕ: 647 765 4145

# ਕਿਸ ਮੋੜ ’ਤੇ ਪਹੁੰਚ ਗਿਆਂ ਏਂ ਪੰਜਾਬ ਸਿੰਹਾਂ?

-ਡਾ. ਗੁਰਬਖ਼ਸ਼ ਸਿੰਘ ਭੰਡਾਲ-

ਪੰਜਾਬ ਸਿੰਹਾਂ! ਅੱਜ ਤੂੰ ਕਿਸ ਮੋੜ ’ਤੇ ਆ ਖੜਾ ਹੋਇਆਂ ਕਿ ਕੋਈ ਵੀ ਤੇਰਾ ਵਾਲੀ ਵਾਰਸ ਨਜ਼ਰ ਨਹੀਂ ਆਉਂਦਾ। ਤੂੰ ਲੁੱਟਿਆ, ਕੁੱਟਿਆ ਤੇ ਪੁੱਟਿਆ ਗਿਆ। ਲਿਤਾੜਿਆ, ਉਜਾੜਿਆ ਤੇ ਮਾਰਿਆ ਗਿਆ। ਤੇਰੀਆਂ ਆਂਦਰਾਂ ਨੂੰ ਕੋਹਿਆ ਗਿਆ। ਤੇਰੇ ਦੀਦਿਆਂ ਸਾਹਵੇਂ ਤੇਰਾ ਵਜੂਦ ਖਤਮ ਕਰਨ ਲਈ ਚਾਲਾਂ ਚੱਲੀਆਂ ਗਈਆਂ। ਪਰ ਤੂੰ ਬੇਬੱਸ ਰਿਹਾ। ਤੂੰ ਤਾਂ ਭੋਲਾ-ਭਾਲਾ ਸੈਂ। ਪਰ ਅਫਸੋਸ ਕਿ ਤੇਰੇ ਹਿਤਾਇਸ਼ੀ ਆਗੂਆਂ ਨੇ ਹੀ ਤੇਰੀ ਔਕਾਤ ਨਾਲ ਖੇਡਣਾ ਅਤੇ ਆਪਣੇ ਨਿੱਜੀ ਮੁਫ਼ਾਦਾਂ ਦੀ ਪੂਰਤੀ ਨੂੰ ਆਪਣੀ ਪਹਿਲ ਬਣਾ ਲਿਆ। ਜਦ ਸਾਰੇ ਰਾਜਨੀਤਕ ਦਲਾਂ ਦੀ ਸੋਚ ਸਿਰਫ਼ ਕੁਰਸੀ ਤੀਕ ਸੀਮਤ ਹੋ ਜਾਵੇ ਤਾਂ ਆਮ ਲੋਕਾਂ ਨੂੰ ਬਹੁਤ ਵੱਡਣੀ ਕੀਮਤ ਤਾਰਨੀ ਪੈਂਦੀ ਏ ਅਤੇ ਹੁਣ ਤੂੰ ਇਹ ਕੀਮਤ ਤਾਰ ਰਿਹਾਂ ਏ। ਪੰਜਾਬ ਸਿੰਹਾਂ! ਤੈਨੂੰ ਪਤਾ ਹੀ ਨਾ ਲੱਗਾ ਕਿ ਤੇਰਾ ਨਾਲ ਕੀ, ਕਿਉਂ, ਕਿਵੇਂ ਅਤੇ ਕਿਸ ਸਮੇਂ ਤੋਂ ਇਹ ਕੁਝ ਹੋ ਇਹਦਾ ਏ? ਤੂੰ ਤਾਂ ਮਿਹਨਤ ਅਤੇ ਸੁਚਿਆਰੇਪਣ ਨੂੰ ਅਕੀਦਾ ਬਣਾ ਕੇ, ਕਿਰਤ-ਕਮਾਈ ਦੀ ਸੁੱਚਤਾ ਅਤੇ ਉਤਮਤਾ ਨੂੰ ਆਪਣਾ ਗੁਰ-ਪੀਰ ਮੰਨਿਆ ਸੀ। ਤੈਂਨੂੰ ਆਸ ਸੀ ਕਿ ਸ਼ਾਇਦ ਤੇਰੀ ਆਗਵਾਈ ਕਰਨ ਵਾਲੇ ਤੇਰੀ ਖ਼ੈਰੀਅਤ ਅਤੇ ਫ਼ਿਕਰ ਨੂੰ ਆਪਣਾ ਕਰਮ-ਧਰਮ ਬਣਾਉਣਗੇ। ਪਰ ਅਜੇਹਾ ਨਹੀਂ ਹੋਇਆ। ਸਮੇਂ ਦੇ ਹਾਕਮਾਂ ਨੇ ਬਹੁਤ ਹੀ ਯੋਜਨਾਬੱਧ ਤਰੀਕੇ ਅਤੇ ਚੁੱਸਤੀ ਨਾਲ ਅਜੇਹਾ ਭਾਣਾ ਵਰਤਾ ਦਿਤਾ ਕਿ ਤੈਂਨੂੰ ਪਤਾ ਹੀ ਨਹੀਂ ਲੱਗਾ। ਇਹ ਸ਼ਾਇਦ ਕਿਸੇ ਸੋਚੀ-ਸਮਝੀ ਸਕੀਮ ਦਾ ਹੀ ਹਿੱਸਾ ਹੈ ਅਤੇ ਇਸਦੇ ਹੋਰ ਪੜਾਅ ਅਜੇ ਬਾਕੀ ਨੇ।

ਪੰਜਾਬ ਸਿੰਹਾਂ! ਜੋ ਕੁਝ ਹੁਣ ਨਜ਼ਰ ਆਉਂਦਾ ਏ ਇਸਦੀ ਸ਼ੁਰੂਆਤ ਤਾਂ ਰਾਜਨੀਤਕ ਚਾਲਬਾਜ਼ਾਂ ਨੇ ਹਰੀ ਕਰਾਂਤੀ ਤੋਂ ਹੀ ਕਰ ਦਿਤੀ ਸੀ। ਸਮੁੱਚੇ ਭਾਰਤ ਦੀ ਭੁੱਖਮਰੀ ਦੂਰ ਕਰਨ ਲਈ ਤੇਰੇ ਕੁਦਰਤੀ ਸਰੋਤਾਂ ਨੂੰ ਵਰਤਿਆ ਗਿਆ। ਤੇਰੇ ਖੇਤੀ ਵਿਗਿਆਨੀਆਂ ਨੂੰ ਖਰੀਦ ਕੇ, ਤੈਨੂੰ ਕਣਕ ਤੇ ਝੋਨੇ ਦੇ ਚੱਕਰਵਿਊ ਵਿਚ ਅਜੇਹਾ ਫਸਾਇਆ ਕਿ ਪਹਿਲੇ ਕੁਝ ਸਾਲ ਤਾਂ ਤੂੰ ਥੋੜ੍ਹਚਿਰੀ ਖੁਸ਼ਹਾਲੀ ਕਾਰਨ, ਇਸਦੇ ਦੂਰਰਸੀ ਸਿੱਟਿਆਂ ਬਾਰੇ ਸੋਚਿਆ ਹੀ ਨਾ। ਪਰ ਜਦ ਤੈਨੂੰ ਕੁਝ ਹੋਸ਼ ਆਉਣ ਲੱਗੀ ਤਾਂ ਉਸ ਸਮੇਂ ਤੀਕ ਤੇਰੇ ਅੰਮ੍ਰਿਤ ਵਰਗੇ ਪਾਣੀ ਜ਼ਹਿਰੀ਼ ਹੋ ਚੁੱਕੇ ਸਨ। ਦਰਿਆ, ਬਰੇਤੇ ਬਣ ਗਏ ਸਨ ਅਤੇ ਪੰਜਾਬ, ਮਾਰੂਥਲ ਬਣਨ ਦੀ ਕਗਾਰ ਤੇ ਪਹੁੰਚ ਗਿਆ। ਬੰਦੇ ਜੰਮਣ ਵਾਲੀ ਤੇਰੀ ਧਰਤੀ ਵਿਚ ਹੁਣ ਖੁਦਕੁਸ਼ੀਆਂ ਦੀ ਫਸਲ ਉਗਦੀ ਏ। ਜੀਵਨ ਬਖਸ਼ਣ ਵਾਲੇ ਪੌਣ-ਪਾਣੀ ਵਿਚ ਹੁਣ ਬਿਮਾਰੀਆਂ ਦੀ ਭਰਮਾਰ ਹੈ। ਇਹ ਕੇਹੀ ਹਰੀ ਕ੍ਰਾਂਤੀ ਸੀ ਕਿ ਭਾਰਤ ਦਾ ਢਿੱਡ ਭਰਦਾ ਭਰਦਾ, ਤੂੰ ਸਾਰਾ ਹੀ ਬਿਮਾਰ ਗਿਆ। ਹੁਣ ਪੰਜਾਬ, ਪੰਜ ਦਰਿਆਵਾਂ ਦੀ ਧਰਤੀ ਨਹੀਂ ਸਗੋਂ ਹਸਪਤਾਲਾਂ ਦੀ ਨਗਰੀ ਬਣ ਗਈ। ਪੰਜਾਬੀਆਂ ਨੂੰ ਤਾਂ ਔਲਾਦ ਲਈ ਵੀ ਹੁਣ ਫਰਟੀਲਟੀ ਸੈਂਟਰਾਂ ਵਿਚ ਖ਼ਜ਼ਲ ਖੁਆਰ ਹੋਣਾ ਪੈ ਰਿਹਾ ਏ। ਇਸ ਥੋੜ੍ਹਚਿਰੀ ਅਮੀਰੀ ਕਾਰਨ ਤੇਰੇ ਪੁੱਤ ਕਿਰਤ ਤੋਂ ਦੂਰ ਹੋ ਗਏ ਅਤੇ ਪ੍ਰਵਾਸੀ ਮਜਦੂਰਾਂ ’ਤੇ ਅਜੇਹੀ ਨਿਰਭਰਤਾ ਬਣੀ ਕਿ ਹੁਣ ਉਹ ਪ੍ਰਵਾਸੀਆਂ ਮਜ਼ਦੂਰਾਂ ਦੀਆਂ ਲਿੱਲਕੜੀਆਂ ਕੱਢਦੇ ਵੇਖੇ ਜਾ ਸਕਦੇ ਨੇ। ਪੰਜਾਬ ਸਿੰਹਾਂ! ਇਕ ਹੋਰ ਚਾਲ ਨਾਲ ਤੇਰੇ ਪੁੱਤਰਾਂ ਨੂੰ ਨਸ਼ਿਆਂ ਦੇ ਲੜ ਲਾ ਦਿਤਾ ਗਿਆ। ਨੌਜਵਾਨ ਨਸ਼ਿਆਂ ਵਿਚ ਅਜੇਹੇ ਗਤਲਾਨ ਹੋਏ ਕਿ ਮਾਪਿਆਂ ਨੂੰ ਆਪਣੇ ਲਾਡਲਿਆਂ ਦਾ ਸਿਵਾ ਸੇਕਣਾ ਪੈ ਰਿਹਾ ਏ। ਉਹਨਾਂ ਦੇ ਮੁਹਾਂਦਰੇ ਵਿਚ ਪੰਜਾਬੀ ਰੋਹਬਦਾਰੀ, ਦਮਦਾਰੀ ਅਤੇ ਮੜਕ ਗਾਇਬ ਹੈ।

ਪੜਾਈ ਤੋਂ ਬੇਮੁੱਖ ਅਤੇ ਬੇਰੁਜਗਾਰੀ ਤੋਂ ਮਾਯੂਸ ਹੋਏ ਨੌਜਵਾਨਾਂ ਨੇ ਵਿਦੇਸ਼ਾਂ ਨੂੰ ਵਹੀਰਾਂ ਘੱਤ ਲਈਆਂ ਨੇ। ਕਿਸੇ ਵੀ ਰਾਜਸੀ ਧਿਰ ਨੇ ਇਸ ਸਮੱਸਿਆ ਨੂੰ ਹੱਲ ਕਰਨ ਵੱਲ ਧਿਆਨ ਨਹੀਂ ਦਿਤਾ। ਉਹਨਾਂ ਦਾ ਸਰੋਕਾਰ ਤਾਂ ਨੌਜਵਾਨਾਂ ਤੋਂ ਪਹਿੜਾ ਛੁੱਡਵਾਉਣਾ ਹੈ ਕਿਉਂਕਿ ਨੌਜ਼ਵਾਨ ਤਾਂ ਆਪਣੇ ਹੱਕ ਅਤੇ ਰੁਜਗਾਰ ਦੀ ਮੰਗ ਕਰੇਗਾ।

ਕੋਈ ਨਹੀਂ ਸੋਚਦਾ ਕਿ ਪੰਜਾਬ ਦਾ ਕਿੰਨਾ ਧਨ ਹਰ ਸਾਲ ਬਾਹਰ ਜਾ ਰਿਹਾ ਏ ਅਤੇ ਨਾਲ ਹੀ ਜਾ ਰਿਹਾ ਹੈ ਉਹ ਵਰਗ ਜਿਹਨੇ 40 ਸਾਲ ਤੀਕ ਪੰਜਾਬ ਦੇ ਵਿਕਾਸ ਵਿਚ ਯੋਗਦਾਨ ਪਾਉਣਾ ਸੀ। ਵਪਾਰਕ ਬਿਰਤੀ ਵਾਲੇ ਪੰਜਾਬੀਆਂ ਵਲੋਂ ਥਾਂ-ਥਾਂ ’ਤੇ ਖੋਲੇ ਹੋਏ ਵਿਦਿਅਕ ਅਦਾਰੇ ਭਾਂ ਭਾਂ ਕਰਦੇ ਨੇ ਅਤੇ ਇਹਨਾਂ ਅਦਾਰਿਆਂ ਨੇ ਹੁਣ ਕਾਰਪੋਰੇਟ ਅਦਾਰਿਆਂ ਦੇ ਸਟੋਰ ਬਣਨਾ ਏ।

ਪੰਜਾਬ ਸਿੰਹਾਂ! ਤੂੰ ਰਾਜਸੀ. ਧਿਰਾਂ ਦੀ ਅਜੇਹੀ ਚਾਲ ਵਿਚ ਆ ਗਿਆ ਕਿ ਹੁਣ ਹਰ ਪੰਜਾਬੀ ਰੌਣਹਾਕਾ ਹੈ। ਇਸ ਵਿਚ ਸ਼ਾਮਲ ਹੈ ਹਰ ਪੰਜਾਬੀ ਭਾਵੇਂ ਉਹ ਦੁਕਾਨਦਾਰ ਹੋਵੇ, ਕਿਰਸਾਨ ਹੋਵੇ, ਬੁੱਧੀਜੀਵੀ ਹੋਵੇ, ਛੋਟਾ ਵਪਾਰੀ ਹੋਵੇ, ਮਜਦੂਰ ਹੋਵੇ, ਆੜਤੀਆ ਹੋਵੇ ਜਾਂ ਕਿਸੇ ਵੀ ਕਿੱਤੇ ਨਾਲ ਸਬੰਧਤ ਹੋਵੇ। ਪਤਾ ਨਹੀਂ ਗੈਰਤਮੰਦ ਪੰਜਾਬੀ ਹੁਣ ਵਿਕਾਊ ਕਿਉਂ ਹੋ ਗਏ ਨੇ? ਜਦ ਪੰਜਾਬ ਲਈ ਫ਼ਿਕਰਮੰਦੀ ਜਿਤਾਉਣ ਵਾਲੇ ਚਿੰਤਕ, ਸੇਵਾ-ਮੁੱਕਤ ਅਧਿਕਾਰੀ, ਪ੍ਰੋਫੈਸਰ, ਗਾਇਕ, ਕਲਾਕਾਰ ਜਾਂ ਨੌਜਵਾਨਾਂ ਲਈ ਰੋਲ-ਮਾਡਲ ਬਣਨ ਵਾਲੇ ਲੋਕ ਹੀ ਵਿੱਕ ਜਾਣ ਅਤੇ ਉਹ ਇਕ ਵਿਸ਼ੇਸ਼ ਵਿਚਾਰਧਾਰਾ ਨੂੰ ਪ੍ਰਚਾਰਨ ਵਿਚ ਰੁੱਝ ਜਾਣ ਤਾਂ ਪੰਜਾਬ ਦੀ ਖੈਰ-ਸੁੱਖ ਨੂੰ ਕਿਵੇਂ ਕਿਆਸਿਆ ਜਾ ਸਕਦਾ?

ਪੰਜਾਬ ਸਿੰਹਾਂ! ਤੂੰ ਧਰਮ ਦੇ ਨਾਮ ’ਤੇ ਸਦਾ ਜਿਉਂਦਾ ਸੀ। ਤੇਰੀ ਧਾਰਮਿਕਤਾ ਵਿਚ ਸਰਬੱਤ ਦਾ ਭਲਾ ਅਤੇ ਸਮੁੱਚੀ ਮਾਨਵਜਾਤੀ ਦੇ ਕਲਿਆਣ ਦਾ ਨਾਦ ਗੂੰਜਦਾ ਸੀ। ਤੇਰੇ ਵਿਹੜੇ ਵਿਚ ਅਰਦਾਸ, ਆਰਤੀ ਅਤੇ ਅਜ਼ਾਨ ਦੀ ਇਕਸੁਰਤਾ ਕਾਰਨ ਹਵਾ ਵਿਚ ਸੰਗੀਤਕ ਧੁੰਨਾਂ ਪੈਦਾ ਹੁੰਦੀਆਂ ਸਨ। ਸਮੁੱਚੇ ਪੰਜਾਬੀ ਇਹਨਾਂ ਨੂੰ ਅੰਤਰੀਵ ਵਿਚ ਵਸਾ, ਰਾਂਗਲੇ ਪੰਜਾਬ ਦੀਆਂ ਸਿਫ਼ਤਾਂ ਕਰਦੇ ਅਤੇ ਦੁਨੀਆਂ ਵਿਚ ਇਸਦੀ ਪ੍ਰਫੁੱਲਤਾ ਅਤੇ ਪਾਕੀਜ਼ਗੀ ਦਾ ਪੈਗਾਮ ਦਿੰਦੇ ਸਨ। ਪਰ ਪੰਜਾਬ ਸਿੰਹਾਂ! ਹੁਣ ਤੇਰੀ ਧਾਰਮਿਕਤਾ ਬਿਮਾਰ ਹੋ ਗਈ ਏ। ਮਸੰਦ ਤੇ ਪੁਜਾਰੀ ਭਾਰੂ ਨੇ। ਉਹ ਸਿਰਫ਼ ਗੋਲਕਾਂ ਤੇ ਚੜਾਵੇ ਤੀਕ ਸੀਮਤ। ਧਾਰਮਿਕ ਅਸਥਾਨਾਂ ਨੂੰ ਨਿੱਜੀ ਜਾਇਦਾਦਾਂ ਬਣਾ ਕੇ ਪੰਜਾਬੀਆਂ ਨੂੰ ਮਾਨਸਿਕ ਰੂਪ ਵਿਚ ਭੁੱਚਲਾਉਣ, ਵਰਗਲਾਉਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਕਰਨ ਵਿਚ ਰੁਚਿੱਤ ਨੇ। ਥਾਂ ਥਾਂ ਤੇ ਡੇਰੇ, ਮੰਦਰ, ਗੁਰਦੁਆਰੇ, ਚਰਚ, ਮਸਜਿਦਾਂ ਆਦਿ ਸਭ ਧਾਰਮਿਕ ਅਡੰਬਰ ਨੇ।

ਇਹਨਾਂ ਰਾਹੀਂ ਪੰਜਾਬੀ ਮਾਨਸਿਕਤਾ ਨੂੰ ਕੁਰਾਹੇ ਪਾਇਆ ਜਾ ਰਿਹਾ ਏ। ਪੰਜਾਬੀਆਂ ਨੂੰ ਭਰਾ ਮਾਰੂ ਜੰਗ ਵਿਚ ਉਲਝਾ ਕੇ, ਰਾਜਸੀ ਧਿਰਾਂ ਕੁਰਸੀਆਂ ਦੇ ਪਾਵੇ ਗਿਣਨ ਵਿਚ ਮਸਰੂਫ਼ ਨੇ।

ਪੰਜਾਬ ਸਿੰਹਾਂ! ਇਕ ਗੱਲ ਦੱਸਾਂ, ਕੋਈ ਵੀ ਰਾਜਸੀ ਧਿਰ ਤੇਰੇ ਪ੍ਰਤੀ ਸਮਰਪਿੱਤ ਜਾਂ ਸੰਜ਼ੀਦਾ ਨਹੀਂ। ਅੰਦਰਖਾਤੇ ਉਹਨਾਂ ਦੀ ਰਾਜ ਕਰੇਂਦੀ ਧਿਰ ਨਾਲ ਮੂਕ ਸਹਿਮਤੀ ਏ। ਉਹ ਸਿਰਫ਼ ਲੋਕ-ਦਿਖਾਵੇ ਲਈ ਹੀ ਹੇਜ਼ ਦਿਖਾ ਰਹੇ ਨੇ। ਉਹਨਾਂ ਦੀਆਂ ਕੂੜ-ਚਾਲਾਂ ਵਿਚ ਲੋਕ-ਰੋਹ ਨੂੰ ਦਬਾਉਣ ਦੀਆਂ ਕੋਹਝੀਆਂ ਚਾਲਾਂ ਹੁੰਦੀਆਂ ਨੇ। ਉਹ ਲੋਕ-ਸੰਘਰਸ਼ ਵਿਚ ਵੜ ਕੇ, ਇਸਨੂੰ ਨਕਾਮ ਕਰਨ ਲਈ ਹਰ ਹਰਬਾ ਵਰਤਦੇ ਨੇ। ਪੰਜਾਬ ਸਿੰਹਾਂ! ਸਭ ਤੋਂ ਜਰੂਰੀ ਹੈ ਇਹਨਾਂ ਰਾਜਸੀ ਲੋਕਾਂ ਤੋਂ ਵਿੱਥ ਬਣਾਉਣਾ। ਇਹਨਾਂ ਦੀਆਂ ਕਮੀਨਗੀਆਂ, ਕੁਤਾਹੀਆਂ ਅਤੇ ਕਾਲੇ ਕਾਰਨਾਮਿਆਂ ਨੂੰ ਜੱਗ-ਜ਼ਾਹਰ ਕਰਨ ਦੀ ਲੋੜ ਹੈ ਤਾਂ ਕਿ ਲੋਕ ਇਹਨਾਂ ਦੀਆਂ ਚਾਲਾਂ ਵਿਚ ਆ ਕੇ ਗੁੰਮਰਾਹ ਨਾ ਹੋਣ।

ਪੰਜਾਬ ਸਿੰਹਾਂ! ਰੋਹ ਦੀ ਜਵਾਲਾ ਜਿਹੜੀ ਹੁਣ ਫੁੱਟੀ ਹੈ, ਇਹ ਤਾਂ ਬੜੇ ਚਿਰ ਤੋਂ ਧੁੱਖਦੀ ਸੀ। ਖੁਦਕੁਸ਼ੀਆਂ ਅਤੇ ਕਰਜ਼ੇ ਦਾ ਦੈਂਤ ਤਾਂ ਕਿਸਾਨਾਂ ਅਤੇ ਗਰੀਬਾਂ ਨੂੰ ਨਿਗਲ ਰਿਹਾ ਸੀ। ਬੈਂਕਾਂ ਵਲੋਂ ਅਸਾਨ ਤਰੀਕੇ ਨਾਲ ਜ਼ਮੀਨ ਤੇ ਦਿਤੇ ਜਾ ਰਹੇ ਕਰਜ਼ਿਆਂ ਦੇ ਜਾਲ ਵਿਚ ਤੂੰ ਅਜੇਹਾ ਫੱਸ ਗਿਆ ਕਿ ਹੁਣ ਇਹ ਕਰਜ਼ਾ ਹੀ ਤੇਰੇ ਪੈਰਾਂ ਵਿਚਲਾ ਪੈਂਖੜ ਆ ਜੋ ਤੈਨੂੰ ਨਿਗਲ ਜਾਣ ਲਈ ਕਾਹਲਾ ਏ। ਤੈਨੂੰ ਸਿਆਣਪ ਨਾ ਆਈ ਕਿ ਇਸ ਕਰਜ਼ੇ ਨਾਲ ਉਸਾਰੀਆਂ ਕੋਠੀਆਂ, ਮਹਿੰਗੀਆਂ ਕਾਰਾਂ ਜਾਂ ਵੱਡੇ ਵੱਡੇ ਟਰੈਕਟਰ ਖਰੀਦਣਾ ਦਰਅਸਲ ਮੱਕੜ ਜਾਲ ਹੈ। ਟੁੱਟੀਆਂ ਕਿਸ਼ਤਾਂ ਕਾਰਨ ਤੇਰੀਆਂ ਜ਼ਮੀਨਾਂ ਤਾਂ ਬੈਂਕਾਂ ਨੇ ਹਥਿਆਉਣੀਆਂ ਨੇ। ਫਿਰ ਬੈਂਕਾਂ ਕੋਲੋਂ ਕਾਰਪੋਰੇਟ ਅਦਾਰਿਆਂ ਕੋਲ ਚਲੀਆ ਜਾਣੀਆਂ ਨੇ ਅਤੇ ਤੂੰ ਸਿਰਫ਼ ਇਕ ਮੁਜਾਰਾ ਬਣਕੇ, ਉਹਨਾਂ ਲਈ, ਉਹਨਾਂ ਅਨੁਸਾਰ ਕੰਮ ਕਰਦਾ, ਆਪਣੀ ਜ਼ਮੀਰ ਨੂੰ ਨਿੱਤ ਦਿਨ ਕੋਹਿਆ ਕਰੇਂਗਾ। ਤੂੰ ਕਿੰਨਾ ਅਵੇਸਲਾ ਸੈਂ ਕਿ ਤੇਰੀ ਕਣਕ/ਝੋਨਾ ਤਾਂ ਸਰਕਾਰ ਨਿਗੁਣੇ ਰੇਟ ਤੇ ਖਰੀਦਦੀ ਰਹੀ। (ਜਿਹੜੀ ਹੁਣ ਖਰਦੀਣੀ ਬੰਦ ਕਰ ਦੇਣੀ ਏ)। ਪਰ ਤੇਰੇ ਖੇਤੀ ਦੇ ਸੰਦ, ਬੀਜ, ਕੀਟ-ਨਾਸ਼ਕ ਦਵਾਈਆਂ ਦੇ ਰੇਟ ਤਾਂ ਵਪਾਰਕ ਅਦਾਰੇ ਨਿਸਚਿੱਤ ਕਰਦੇ ਰਹੇ। ਬਹੁਤੀ ਵਾਰ ਨਕਲੀ ਬੀਜਾਂ ਜਾਂ ਦਵਾਈਆਂ ਨਾਲ ਸਰਕਾਰੀ ਅਫਸਰ ਅਤੇ ਰਾਜਨੀਤਕ ਲੋਕ ਤਜੌਰੀਆਂ ਵੀ ਭਰਦੇ ਰਹੇ।। ਮੌਜੂਦਾ ਵਿਰੋਧ, ਕਿਰਸਾਨ ਦੀ ਹੋਂਦ ਦਾ ਸਵਾਲ ਹੈ। ਉਸਦੀ ਮਾਂ ਵਰਗੀ ਜ਼ਮੀਨ ਦੀ ਆਬਰੂ ਦਾ ਪ੍ਰਸ਼ਨ ਹੈ। ਉਸਦੀ ਅਣਖ ਅਤੇ ਕਿਰਤ ਲਈ ਵੰਗਾਰ ਹੈ। ਇਸ ਵੰਗਾਰ ਨੂੰ ਪੰਜਾਬੀਆਂ ਨੇ ਕਿਸ ਰੂਪ ਵਿਚ ਲੈਣਾ, ਇਸਨੇ ਹੀ ਤਹਿ ਕਰਨਾ ਏ ਕਿ ਕੀ ਪੰਜਾਬ ਨੇ ਜਿਉਂਦੇ ਰਹਿਣਾ ਏ ਜਾਂ ਰਾਜਸੀ ਲੋਭ ਹੇਠ ਗਿਰਵੀ ਹੋ ਕੇ, ਤਿੱਲ ਤਿੱਲ ਮਰਨਾ ਏ?

ਪੰਜਾਬ ਸਿੰਹਾਂ! ਤੇਰੀ ਹੋਂਦ ਤੇ ਹਸਤੀ ਦਾ ਪ੍ਰਸ਼ਨ ਹੁਣ ਹਰ ਪੰਜਾਬੀ ਦੀ ਜ਼ੁਬਾਨ ’ਤੇ ਹੈ। ਉਹ ਇਸਨੂੰ ਪੰਜਾਬੀਅਤ ’ਤੇ ਪਿਆ ਡਾਕਾ ਸਮਝ ਕੇ, ਇਕਜੁੱਟਤਾ ਵਿਚੋਂ ਹੀ ਕੁਝ ਕਰਨ ਅਤੇ ਮਰਨ ਦੀ ਭਾਵਨਾ ਲੈ ਕੇ ਮੈਦਾਨ ਵਿਚ ਉਤਰੇ ਨੇ। ਅਜੇਹੇ ਮੌਕੇ ਤੇ ਚਿੰਤਾ ਤੋਂ ਚਿੰਤਨ ਤੀਕ ਦਾ ਸਫ਼ਰ ਕਰਨ ਦੀ ਲੋੜ ਹੈ ਕਿ ਕਿਉਂਕਿ ਭਵਿੱਖਮੁੱਖੀ ਸੋਚ, ਸਮਝ ਅਤੇ ਸਰੋਕਾਰਾਂ ਦੀ ਸਮੁੱਚਤਾ ਹੀ ਭਵਿੱਖ ਨੂੰ ਨਿਰਧਾਰਤ ਕਰਦੀ ਏ। ਅਜੇਹੇ ਮਾਰਗ ਦਰਸ਼ਨ ਲਈ ਸੁਚਿਆਰੀ ਅਤੇ ਸਵਾਰਥਹੀਣ ਅਗਵਾਈ ਦੀ ਲੋੜ ਹੈ ਜਿਹੜੀ ਸਿਰਫ਼ ਤੂੰ ਹੀ ਦੇ ਸਕਦਾ ਏਂ।

ਪੰਜਾਬ ਸਿੰਹਾਂ! ਦੁੱਖ ਤਾਂ ਬਹੁਤ ਨੇ! ਕੀ ਕੀ ਗਿਣਾਵਾਂ? ਤੇਰੇ ਪ੍ਰਦੇਸੀ ਪੁੱਤ ਅਕਸਰ ਗੇੜਾ ਮਾਰਦੇ ਸਨ ਅਤੇ ਤੇਰੀ ਸਾਰ ਜਰੂਰ ਲੈਂਦੇ ਸਨ। ਪਰ ਉਹਨਾਂ ਦੀਆਂ ਜਾਇਦਾਦਾਂ ਤੇ ਕਬਜ਼ੇ, ਉਹਨਾਂ ਦੀਆਂ ਕੋਠੀਆਂ ਨੂੰ ਗੈਰ-ਕਾਨੂੰਨੀ ਹਥਿਆਉਣਾ, ਡਰਾਉਣਾ, ਧਮਕਾਉਣਾ ਅਤੇ ਜ਼ਲੀਲ ਕਰਨਾ ਜਦ ਉਹਨਾਂ ਦੇ ਆਪਣਿਆਂ ਦਾ ਕਿਰਦਾਰ ਬਣ ਜਾਵੇ ਤਾਂ ਪ੍ਰਦੇਸੀ ਮਨ ਵੀ ਉਚਾਟ ਹੋ ਜਾਂਦਾ। ਕਰੋਨਾ ਦੌਰਾਨ ਸਮੁੱਚੇ ਪੰਜਾਬੀ ਪ੍ਰਵਾਸੀਆਂ ਨੂੰ ਕਸੂਰਵਾਰ ਠਹਿਰਾਅ ਕੇ, ਉਹਨਾਂ ਨੂੰ ਮਾਨਸਿਕ ਤੌਰ ਤੇ ਜ਼ਲੀਲ ਕਰਨਾ ਅਤੇ ਰੋਟੀ-ਪਾਣੀ ਬੰਦ ਕਰਨ ਤੀਕ ਦੀ ਜਦ ਨੌਬਤ ਆ ਜਾਵੇ ਤਾਂ ਤੇਰੇ ਪ੍ਰਵਾਸੀ ਪੁੱਤ ਬਹੁਤ ਹੀ ਹਿਤਾਸ਼ ਹੋ ਗਏ। ਕਿਸੇ ਨੇ ਉਹਨਾਂ ਵਲੋਂ ਪਿੰਡਾਂ ਦੀ ਤਰੱਕੀ ਲਈ ਕੀਤੇ ਉਪਰਾਲੇ, ਲਾਏ ਮੈਡੀਕਲ ਕੈਂਪ, ਗਰੀਬ ਧੀਆਂ ਦੇ ਵਿਆਹ, ਖੇਡ ਮੇਲੇ ਜਾਂ ਉਹਨਾਂ ਵਲੋਂ ਅਸਿੱਧੇ ਰੂਪ ਵਿਚ ਪੰਜਾਬ ਦੇ ਵਿਕਾਸ ਪਾਏ ਯੋਗਦਾਨ ਦਾ ਕਿਸੇ ਨੂੰ ਖਿਆਲ ਹੀ ਨਾ ਆਇਆ। ਸੂਖ਼ਮ ਰੂਪ ਵਿਚ ਅਜੇਹੇ ਵਰਤਾਰੇ ਲਈ ਸਰਕਾਰੀ ਧਿਰ ਦੀ ਮੂਕ ਸਹਿਮਤੀ ਵੀ ਸੀ। ਪ੍ਰਵਾਸੀਆਂ ਦੇ ਪੰਜਾਬ ਵਿਚ ਨਾ ਆਉਣ ਕਾਰਨ, ਤੈਨੂੰ ਹੋਣ ਵਾਲੇ ਆਰਥਿਕ ਨੁਕਸਾਨ ਦਾ ਅੰਦਾਜ਼ਾ ਕੋਈ ਅਰਥ-ਸ਼ਾਸ਼ਤਰੀ ਲਾਵੇ ਤਾਂ ਸਹਿਜੇ ਹੀ ਅਹਿਸਾਸ ਹੋ ਜਾਵੇਗਾ ਕਿ ਪੰਜਾਬ ਦੀ ਖੁਸ਼ਹਾਲੀ ਵਿਚ ਪ੍ਰਵਾਸੀਆਂ ਦਾ ਕਿੰਨਾ ਵੱਡਾ ਯੋਗਦਾਨ ਹੈ? ਪੰਜਾਬ ਸਿੰਹਾਂ! ਜੇ ਮੌਜੂਦਾ ਮਾਰੂ ਰੁਝਾਨ ਨੂੰ ਠੱਲ ਨਾ ਪਾਈ ਗਏ ਤਾਂ ਸਿਰਫ਼ ਕਿਰਸਾਨ ਹੀ ਨਹੀਂ ਮਰਨੇ ਸਗੋਂ ਖੇਤੀ ਮਜਦੂਰਾਂ ਦੇ ਚੁੱਲੇ ਵੀ ਠੰਢੇ ਹੋ ਜਾਣਗੇ। ਆੜਤੀਆਂ ਦੀਆਂ ਵਹੀ ਖਾਤਿਆਂ ਨੂੰ ਕਿਸੇ ਨਹੀਂ ਫਰੋਲਣਾ। ਛੋਟੇ ਦੁਕਾਰਦਾਰ ਆਪਣੀਆਂ ਸਫ਼ਾਂ ਲਪੇਟ ਲੈਣਗੇ। ਕੋਲਡ ਸਟੋਰ ਟੁੱਟੀਆਂ ਕਿਸ਼ਤਾਂ ਦਾ ਰੁੱਦਨ ਬਣ ਜਾਣਗੇ। ਖੇਤੀ ਨਾਲ ਜੁੱੜੇ ਸਮੁੱਚੇ ਛੋਟੇ ਵੱਡੇ ਕਾਰੋਬਾਰ ਅਤੇ ਧੰਦੇ ਚੌਪਟ ਹੋ ਜਾਣਗੇ। ਸਿਰਫ਼ ਕੁਝ ਕੁ ਕਾਰਪੋਰੇਟ ਅਦਾਰਿਆਂ ਦੀ ਅਜ਼ਾਰੇਦਾਰੀ ਹੇਠ ਜਿਉਂਦੇ ਲੋਕ ਆਪਣੇ ਸਾਹਾਂ ਦੀ ਖ਼ੈਰਾਤ ਵੀ ਇਹਨਾਂ ਕੋਲੋਂ ਹੀ ਮੰਗਿਆ ਕਰਨਗੇ। ਇਸ ਨਾਲ ਬਦਲ ਜਾਵੇਗਾ ਖੇਤੀ ਦਾ ਰੂਪ, ਲੋਕਾਂ ਦੀਆਂ ਖਾਣ ਪੀਣ ਦੀਆਂ ਆਦਤਾਂ ਅਤੇ ਜੀਵਨ ਵਰਤਾਰਾ ਕਿਉਂਕਿ ਕਾਰਪਰੋਟ ਅਦਾਰਿਆਂ ਦਾ ਮਕਸਦ ਹੀ ਲੋਕ ਰੁਝਾਨ ਨੂੰ ਅਜੇਹਾ ਪ੍ਰਭਾਵਤ ਕਰਨਾ ਹੁੰਦਾ ਜਿਸ ਨਾਲ ਘੱਟ ਤੋਂ ਘੱਟ ਲਾਗਤ ਨਾਲ ਵੱਧ ਤੋਂ ਵੱਧ ਮੁਨਾਫ਼ਾ ਕਮਾਇਆ ਜਾ ਸਕੇ। ਅਜੇਹੇ ਵਿਚ ਅਡੰਬਰੀ ਧਰਮ ਦਾ ਕਾਰੋਬਾਰ ਵੀ ਹੋਰ ਵਧੇਰੇ ਚਮਕੇਗਾ ਕਿਉਂਕਿ ਬਹੁਤ ਅਸਾਨ ਹੁੰਦਾ ਹੈ ਧਾਰਮਿਕ ਰੂਪ ਵਿਚ ਵਰਗਲਾ ਕੇ ਲੋਕ-ਚੇਤਨਾ ਨੂੰ ਮਰਸੀਏ ਵਿਚ ਤਬਦੀਲ ਕਰਨਾ। ਵੈਸੇ ਵੀ ਅੱਜ ਕੱਲ ਵੱਡੇ ਵੱਡੇ ਧਨਾਢ ਲੋਕ ਹੀ ਧਾਰਮਿਕ ਡੇਰਿਆਂ ’ਤੇ ਕਾਬਜ਼ ਨੇ ਕਿਉਂਕਿ ਉਹਨਾਂ ਦੀ ਕਮਾਈ ਦਾ ਸਭ ਤੋਂ ਸੌਖਾ ਸਾਧਨ ਹੈ ਲੋਕਾਂ ਦੀ ਅੰਨੀ ਸ਼ਰਧਾ ਅਤੇ ਇਸਨੂੰ ਆਪਣੇ ਹਿੱਤ ਲਈ ਵਰਤਣ ਦੀ ਚਲਾਕੀ।

ਪੰਜਾਬ ਸਿੰਹਾਂ! ਤੇਰੀ ਜਵਾਨੀ ਕੁਝ ਤਾਂ ਡੇਰਿਆਂ ਦੀ ਭਗਤ ਬਣ ਗਈ। ਕੁਝ ਨਸ਼ਿਆਂ ਵਿਚ ਗਰਕ ਗਈ। ਕੁਝ ਵਿਦੇਸ਼ ਨੂੰ ਉਡਾਣ ਭਰ ਗਈ। ਕੁਝ ਗੈਂਗ ਬਣਾ ਕੇ ਰਾਜਸੀ ਧਿਰਾਂ ਦੀ ਰਖੇਲ ਬਣ ਗਏ। ਕੁਝ ਰਾਜਸੀ ਰੋਟੀਆਂ ਸੇਕਣ ਲਈ ਆਪਣੀ ਸੋਚ ਅਤੇ ਜ਼ਹਿਨੀਅਤ ਨੂੰ ਗਿਰਵੀ ਰੱਖ ਗਏ। ਕਲਮਾਂ ਤਾਂ ਰਾਜਸੀ ਲੋਕਾਂ ਦੇ ਕਸੀਦੇ ਗਾਉਣ ਲੱਗ ਪਈਆਂ। ਚਿੰਤਕ ਖਾਮੋਸ਼ ਹੋ ਗਏ ਅਤੇ ਸੁਚੱਜੀ ਅਗਵਾਈ ਦੀ ਅਣਹੋਂਦ ਵਿਚ ਬੌਂਦਲਿਆਂ ਹਾਰ ਫਿਰ ਰਿਹਾ ਏ ਪੰਜਾਬੀ। ਹੁਣ ਤਾਂ ਏਨਿਆਂ ’ਚੋਂ ਉਠੋ ਸੂਰਮਾ ਵਾਲੀ ਹੀ ਗੱਲ ਹੋਣੀ ਆ। ਤੂੰ ਬਹੁਤ ਵਾਰ ਮਧੋਲਿਆ, ਲਿਤਾੜਿਆ ਤੇ ਮਸਲਿਆ ਗਿਆ। ਪਰ ਜਦ ਤੂੰ ਜਾਗਦਾ ਏਂ ਤਾਂ ਤੇਰੀ ਲਲਕਾਰ ਸਾਹਵੇਂ ਥਿਰ ਨਹੀਂ ਰਹਿੰਦੀਆਂ ਰੋਕਾਂ ਅਤੇ ਆਖ਼ਰ ਤੂੰ ਆਪਣੀ ਦਿੱਖ, ਦਮਦਾਰੀ ਅਤੇ ਅਨੂਠੇ ਰੂਪ ਵਿਚ ਹਾਜ਼ਰ-ਨਾਜ਼ਰ ਹੁੰਦਾ ਏਂ। ਪੰਜਾਬ ਸਿੰਹਾਂ! ਹੁਣ ਉਠਿਆ ਏ ਤਾਂ ਅੱਖਾਂ ਅਤੇ ਕੰਨ ਖੁੱਲੀਆਂ ਰੱਖੀਂ। ਚਾਲਾਂ-ਕੁਚਾਲਾਂ ਨੂੰ ਸਮਝਣ ਦੀ ਸੋਝੀ ਅਤੇ ਸਮਰੱਥਾ ਨੂੰ ਆਪਣਾ ਹਾਸਲ ਬਣਾਵੀਂ। ਆਪਣੇ ਹਰ ਕਦਮ ਨੂੰ ਪੱਕੇ ਪੈਰੀਂ ਟਿਕਾਈਂ ਅਤੇ ਥਿੜਕੀਂ ਨਾ। ਰਾਜਸੀ ਲੋਕ ਬਹੁਤ ਸ਼ਾਸਤ ਹੁੰਦੇ ਅਤੇ ਉਹ ਲੂੰਬੜ ਚਾਲਾਂ ਰਾਹੀਂ ਕੁਝ ਵੀ ਕਰਵਾ ਸਕਦੇ ਅਤੇ ਤੇਰੇ ਨਾਮ ਲਾ ਸਕਦੇ ਨੇ। ਵੀਰਿਆ ਸੁਚੇਤ ਰਹੀਂ। ਫਿਰ ਤੇਰੇ ਰਾਹਾਂ ਵਿਚ ਜਿੱਤਾਂ ਹੀ ਨੱਤਮਸਤਕ ਹੋਣਗੀਆਂ।

ਫੋਨ #001- 216-556-2080


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਚਾਨਣ ਤੇ ਖੁਸ਼ੀਆਂ ਵੰਡਦੇ ਲੋਕ

-ਡਾਕਟਰ ਧਰਮਿੰਦਰ ਸਿੰਘ ਉਭਾ

ਕੁਝ ਲੋਕ ਤੁਹਾਡੇ ਜੀਵਨ 'ਚ ਆਉਂਦੇ ਤੇ ਚਾਨਣ ਬਿਖੇਰ ਦਿੰਦੇ ਹਨ। ਤੁਹਾਨੂੰ ਸਭ ਕੁਝ ਚੰਗਾ-ਚੰਗਾ ਲੱਗਣ ਲੱਗ ਜਾਂਦਾ ਹੈ। ਜਿਵੇਂ ਜੀਵਨ ਵਿੱਚ ਸਤਰੰਗੀ ਪੀਂਘ ਚੜ੍ਹ ਪਈ ਹੋਵੇ। ਇਹ ਲੋਕ ਤੁਹਾਡੇ ਦੁੱਖ ਨੂੰ ਸਮਝਦੇ ਹਨ। ਤੁਹਾਨੂੰ ਭਰੋਸੇ ਦਾ ਅਹਿਸਾਸ ਹੁੰਦਾ ਹੈ-ਇੱਕ ਤਸੱਲੀ ਮਿਲਦੀ ਹੈ, ਹੌਸਲਾ ਮਿਲਦਾ ਹੈ। ਤੁਹਾਡੀਆਂ ਥਿੜਕੀਆਂ ਬਾਹਾਂ ਨੂੰ ਇੱਕ ਆਸਰਾ ਮਿਲ ਜਾਂਦਾ ਹੈ ਅਤੇ ਤੁਸੀਂ ਮੁੜ ਲੀਹਾਂ 'ਤੇ ਚੜ੍ਹਨ ਲੱਗ ਜਾਂਦੇ ਹੋ।

ਜੀਵਨ ਵਿੱਚ ਅਕਸਰ ਅਜਿਹੇ ਵਕਤ ਆਉਂਦੇ ਹਨ, ਜਦ ਤੁਸੀਂ ਅਜਿਹੇ ਸੱਜਣਾਂ ਨੂੰ ਤਾਂਘਦੇ ਹੋ, ਉਡੀਕਦੇ ਹੋ, ਲੋਚਦੇ ਹੋ ਤੇ ਜਦ ਉਹ ਤੁਹਾਡੇ ਕੋਲ ਆ ਕੇ ਪਹੁੰਚਦੇ ਹਨ ਤਾਂ ਤੁਸੀਂ ਨਿਸ਼ਚਿਤ ਹੋ ਜਾਂਦੇ ਹੋ ਕਿ ਹੁਣ ਤੁਹਾਨੂੰ ਤਕਲੀਫਾਂ ਤੋਂ ਛੁਟਕਾਰਾ ਮਿਲ ਜਾਵੇਗਾ। ਇਹ ਨਹੀਂ ਕਿ ਉਹ ਕੋਈ ਜਾਦੂ ਦੀ ਛੜੀ ਲੈ ਕੇ ਆਉਂਦੇ ਹਨ, ਬਲਕਿ ਉਨ੍ਹਾਂ ਦੇ ਬੋਲ ਚੜ੍ਹਦੀ ਕਲਾ ਦੇ ਚੰਦ ਬੋਲ ਤੁਹਾਡੇ ਲਈ ਅਕਸੀਰ ਹੋ ਨਿਬੜਦੇ ਹਨ। ਉਨ੍ਹਾਂ ਦਾ ਤੁਹਾਡੇ ਪ੍ਰਤੀ ਸੁਹਿਰਦ ਵਿਹਾਰ ਤੁਹਾਨੂੰ ਫੁੱਲ ਵਾਂਗ ਹੌਲਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ। ਉਨ੍ਹਾਂ ਦੀ ਹਾਂ-ਪੱਖੀ ਪਹੁੰਚ, ਹਾਂ-ਪੱਖੀ ਸੋਚ ਅਤੇ ਆਸ਼ਾਵਾਦੀ ਨਜ਼ਰੀਆ ਤੁਹਾਨੂੰ ਆਸ਼ਾਵਾਦ ਦੇ ਖੂਬਸੂਰਤ ਬਾਗ ਵਿੱਚ ਲੈ ਜਾਂਦਾ ਹੈ ਜਿੱਥੇ ਖਿੜੇ ਹੋਏ ਮਹਿਕਾਂ ਵੰਡਦੇ ਫੁੱਲ ਤੁਹਾਡਾ ਸਵਾਗਤ ਕਰਦੇ ਅਤੇ ਤੁਹਾਨੂੰ ਖੁਸ਼ਆਮਦੀਦ ਨਸੀਬ ਹੁੰਦੀ ਹੈ। ਤੁਸੀਂ ਇੱਕ ਵੱਖਰੀ ਦੁਨੀਆ ਵਿੱਚ ਹੁੰਦੇ ਹੋ। ਖੁਸ਼ ਤੇ ਸਕੂਨ ਨਾਲ ਭਰਪੂਰ।

ਹਰ ਬੰਦੇ ਦੇ ਜੀਵਨ ਵਿੱਚ ਅਜਿਹੇ ਸੱਜਣ ਹੁੰਦੇ ਹਨ ਪੋਟਿਆਂ 'ਤੇ ਗਿਣਨ ਜੋਗੇ। ਜਦ ਮੈਂ ਇਨ੍ਹਾਂ ਦੇ ਨਾਂਅ ਗਿਣਦਾ ਹਾਂ ਤਾਂ ਮੇਰੇ ਸਾਹਵੇਂ ਮੇਰੇ ਪਿਤਾ ਪ੍ਰੋਫੈਸਰ ਅੱਛਰੂ ਸਿੰਘ, ਉਨ੍ਹਾਂ ਦੇ ਪਰਮ ਮਿੱਤਰ ਅਤੇ ਮੇਰੇ ਅਧਿਆਪਕ ਪ੍ਰੋਫੈਸਰ ਦਰਸ਼ਨ ਸਿੰਘ, ਡਾਕਟਰ ਹਰਚੰਦ ਸਿੰਘ ਸਰਹਿੰਦੀ, ਪ੍ਰੋਫੈਸਰ ਸੁਖਦੇਵ ਸਿੰਘ, ਪ੍ਰੋਫੈਸਰ ਗੁਰਭਜਨ ਗਿੱਲ, ਡਾਕਟਰ ਸਤੀਸ਼ ਕੁਮਾਰ ਵਰਮਾ ਅਤੇ ਪ੍ਰੋਫੈਸਰ ਕੇ ਕੇ ਉਪਲ ਦੇ ਨਾਂਅ ਝੱਟ ਆ ਜਾਂਦੇ ਹਨ। ਇਹ ਜਿਸ ਦੇ ਕੋਲ ਹੁੰਦੇ ਹਨ, ਉਹ ਇਨ੍ਹਾਂ ਦਾ ਹੋਰ ਸਾਥ ਲੋਚਦਾ ਹੈ ਕਿ ਇਹ ਹੋਰ ਬੈਠੇ ਰਹਿਣ, ਕੁਝ ਸੁਣਦੇ ਰਹਿਣ ਤੇ ਕੁਝ ਸੁਣਾਉਂਦੇ ਰਹਿਣ। ਇਨ੍ਹਾਂ ਦੀਆਂ ਗੱਲਾਂ ਨਾਲ : ‘ਰੱਬਾ ਵੇ ਤੇਰੀ ਰਾਤ ਮੁੱਕ ਗਈ, ਗੱਲ ਮੁੱਕੀ ਨਾ ਸੱਜਣ ਨਾਲੋਂ ਮੇਰੀ’ ਵਾਂਗ ਇਹ ਜਦ ਦੂਰ ਚਲੇ ਜਾਣ ਤਾਂ ਲੱਗਦਾ ਹੈ ਜਿਵੇਂ ਕੁਝ ਰੁਕ ਗਿਆ ਹੋਵੇ। ਤੁਹਾਡੇ ਜੀਵਨ ਵਿੱਚ ਅਜਿਹੀਆਂ ਖਿੜੀਆਂ ਰੂਹਾਂ ਵਾਲੇ ਸੱਜਣ ਜ਼ਰੂਰ ਆਏ ਹੋਣਗੇ-ਜ਼ਰਾ ਯਾਦ ਕਰੋ।

ਤੁਸੀਂ ਚਾਹੇ ਉਦਾਸੀ ਨਾਲ ਨੱਕੋ-ਨੱਕ ਭਰੇ ਹੋਵੋ। ਇਨ੍ਹਾਂ ਦੇ ਬੋਲੇ ਚੰਦ ਬੋਲ ਹੀ ਤੁਹਾਡੇ 'ਚ ਊਰਜਾ ਭਰ ਦਿੰਦੇ ਹਨ ਅਤੇ ਤੁਹਾਡੇ ਵਿੱਚ ਅੰਤਾਂ ਦਾ ਉਤਸ਼ਾਹ ਪੈਦਾ ਹੋ ਜਾਂਦਾ ਹੈ। ਤੁਹਾਡਾ ਮਨੋਬਲ ਵੱਧ ਜਾਂਦਾ ਹੈ ਅਤੇ ਤੁਸੀਂ ਪ੍ਰੇਰਿਤ ਹੋਣ ਲੱਗ ਜਾਂਦੇ ਹੋ। ਇਹ ਇੰਨੇ ਕਾਰਗਰ ਹੁੰਦੇ ਹਨ ਕਿ ਡਿੱਗੇ ਨੂੰ ਉਠਾਉਂਦੇ ਹਨ-ਗੱਲ ਕੀ ਇਹ ਤੁਹਾਡਾ ਓਟ-ਆਸਰਾ ਹੁੰਦੇ ਹਨ, ਰਿਸ਼ਤੇਦਾਰ ਹੁੰਦੇ ਹਨ, ਭੈਣ-ਭਰਾ ਹੁੰਦੇ ਹਨ। ਇਹ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਆਪਣੇ ਰਾਹ-ਦਸੇਰੇ ਆਖਦੇ ਹੋ, ਮਾਰਗ ਦਰਸ਼ਕ ਮੰਨਦੇ ਹੋ ਅਤੇ ਆਪਣੇ ਖੈਰ-ਖੁਆਹ ਆਖਦੇ ਹੋ।

ਇਹ ਹਰੇਕ ਨਾਲ ਇਸੇ ਤਰ੍ਹਾਂ ਵਿਚਰਦੇ ਹਨ, ਮਸ਼ਾਲ ਬਣ ਕੇ ਬਲਦੇ ਹਨ ਤੇ ਚਾਨਣ ਵੰਡਦੇ ਰਹਿੰਦੇ ਹਨ। ਇੱਕ ਇਲਾਹੀ ਜੋਤ ਵਾਂਗ ਜੋਤ ਨਾਲ ਜੋਤ ਜਗਾਉਣ ਵਾਲੇ ਅਤੇ ਪ੍ਰੇਮ ਦੀ ਗੰਗਾ ਵਹਾਉਣ ਵਾਲੇ! ਮਨ ਸਦੈਵ ਇਹੀ ਲੋਚਾ ਲੋਚਦਾ ਹੈ ਕਿ ਇਨ੍ਹਾਂ ਦੇ ਤੇਜਸਵੀ ਨਿੱਘ ਦਾ ਲੁਤਫ ਲਿਆ ਜਾਵੇ ਅਤੇ ਇਨ੍ਹਾਂ ਦੇ ਪ੍ਰੇਮ ਸਾਗਰੇ 'ਚੋਂ ਚਰਨਾਮਿਤ ਬੂੰਦਾਂ ਲੈਂਦੇ ਰਹੀਏ ਤਾਂ ਜੋ ਇਨ੍ਹਾਂ ਵਰਗੇ ਬਣ ਸਕੀਏ। ਇਹ ਸਭ ਦਾ ਭਲਾ ਮੰਗਦੇ ਹਨ। ਜਦ ਇਨ੍ਹਾਂ ਨੂੰ ਸਮਾਜ ਵਿੱਚ ਕੁਝ ਵੀ ਵਧੀਆ ਹੁੰਦਾ ਦਿਖਾਈ ਦਿੰਦਾ ਹੈ ਤਾਂ ਬਹੁਤ ਖੁਸ਼ ਹੁੰਦੇ ਹਨ। ਇਨ੍ਹਾਂ ਦਾ ਮੁੱਖ ਸਰੋਕਾਰ ਹੀ ਚੰਗੇ, ਤੰਦਰੁਸਤ ਤੇ ਕਦਰਾਂ-ਕੀਮਤਾਂ ਭਰਪੂਰ ਸਮਾਜ ਦੀ ਸਿਰਜਣਾ ਹੁੰਦਾ ਹੈ। ਅਜਿਹਾ ਸਮਾਜ ਜਿਸ ਵਿੱਚ ਲੋਕ ਹੱਸਦੇ-ਵੱਸਦੇ ਹੋਣ, ਈਰਖਾ-ਸਾੜਾ ਨੇੜੇ ਨਾ ਢੁੱਕਦਾ ਹੋਵੇ। ਸਾਰੇ ਇੱਕ-ਦੂਜੇ ਦੇ ਭੱਜ-ਭੱਜ ਕੇ ਕੰਮ ਆਉਂਦੇ ਹੋਣ। ਪਿਆਰ-ਮੁਹੱਬਤ ਵਰਸਦਾ ਹੋਵੇ, ਗਲਵੱਕੜੀਆਂ ਪੈਂਦੀਆਂ ਹੋਣ ਅਤੇ ਮੋਹ ਦੀ ਨੀਦ ਰਵਾਨਗੀ ਵਿੱਚ ਵਗਦੀ ਹੋਵੇ। ਇਨ੍ਹਾਂ ਦੀ ਸਦਾ ਇਹ ਖਾਹਿਸ਼ ਹੁੰਦੀ ਹੈ ਕਿ ਲੋਕ ਬਾਬੇ ਦੇ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਹਰ ਕਿਸਮ ਦੀ ਨਾਬਰਾਬਰੀ ਤੇ ਬੇਇਨਸਾਫੀ ਨੂੰ ਦੂਰ ਭਜਾਉਣ ਵਾਲੇ ਹੋਣ। ਇਹ ਜਦ ਕੁਝ ਲਿਖਦੇ ਹਨ, ਜਦ ਕੁਝ ਬੋਲਦੇ ਹਨ ਅਤੇ ਜਦ ਕੁਝ ਕਹਿੰਦੇ ਹਨ ਉਹ ਚੜ੍ਹਦੀ ਕਲਾ ਵਾਲਾ ਹੁੰਦਾ ਹੈ, ਹੌਸਲੇ ਵਾਲਾ ਹੁੰਦਾ ਹੈ, ਜਿੱਤ ਵਾਲਾ ਹੁੰਦਾ ਹੈ। ਸ਼ਕਤੀ ਦੇਣ ਵਾਲਾ ਹੁੰਦਾ ਹੈ। ਹਰਾਉਣ, ਡਰਾਉਣ ਜਾਂ ਮਾਰਨ-ਮਰਵਾਉਣ ਵਾਲਾ ਨਹੀਂ। ਇਹ ਏਕੇ ਦੀ ਤੰਦ ਪਰੋਂਦੇ ਹਨ ਤੇ ਪ੍ਰੇਮ ਦੀ ਮਾਲਾ ਬੁਣਦੇ ਹਨ। ਅਜਿਹੇ ਲੋਕ ਹੀ ਸਹੀ ਅਰਥਾਂ ਵਿੱਚ ਸਮਾਜ ਦੇ ਸਿਰਜਕ ਜਾਂ ਉਸਰੱਈਏ ਕਹਾਉਣ ਦੇ ਹੱਕਦਾਰ ਹੁੰਦੇ ਹਨ।

ਇਹ ਚਾਨਣ ਵੰਡਣ ਵਾਲੇ, ਖੁਸ਼ੀਆਂ ਦੇਣ ਵਾਲੇ ਤੇ ਤੁਹਾਡੇ ਫੱਟਾਂ ਦੀ ਮਰਹਮ ਹੁੰਦੇ ਹਨ। ਇਹ ਸੱਜਣ ਤੁਹਾਡਾ ਸਭ ਤੋਂ ਕੀਮਤੀ ਸਰਮਾਇਆ ਹੁੰਦੇ ਹਨ। ਇਹ ਰੱਬ ਦੀ ਬਖਸ਼ਿਸ਼ ਖੰਡ-ਮਿਸ਼ਰੀ ਦੀਆਂ ਡਲੀਆਂ ਹੁੰਦੇ ਹਨ। ਜਦ ਇਹ ਮਿਲ ਪੈਂਦੇ ਹਨ ਤਾਂ ਖੁਦ ਵੀ ਭਰੇ-ਭਰੇ ਅਤੇ ਰੱਜੇ-ਰੱਜੇ ਮਹਿਸੂਸ ਹੁੰਦਾ ਹੈ। ਇਹ ਤੁਹਾਡੇ 'ਤੇ ਵਿਸ਼ਵਾਸ ਹੋਣ ਲੱਗਦਾ ਹੈ। ਤੁਸੀਂ ਇਨ੍ਹਾਂ ਆਸਰੇ ਕੁਝ ਹੋਰ ਹੋ ਜਾਂਦੇ ਹੋ, ਬਦਲੇ ਹੋਏ ਇਨ੍ਹਾਂ ਵਰਗੇ। ਇੱਕ ਵੱਖਰੀ ਸੋਚ, ਨਿਵੇਕਲੀ ਪਹੁੰਚ ਤੇ ਵਿਸ਼ੇਸ਼ ਗੁਣਾਂ ਦੇ ਮਾਲਕ। ਸਦੈਵ ਜੇਤੂ ਰਾਹਾਂ ਦੇ ਪਾਂਧੀ। ਇਨ੍ਹਾਂ ਨਾਲ ਤੁਹਾਡੀ ਦੁਨੀਆ ਹੀ ਬਦਲ ਜਾਂਦੀ ਹੈ। ਤੁਸੀਂ ਆਪਣੇ ਆਪ ਨੂੰ ਵੱਖਰਾ ਮਹਿਸੂਸ ਕਰਨ ਲੱਗ ਪੈਂਦੇ ਹੋ। ਇਨ੍ਹਾਂ ਦਿਲ ਦੇ ਰਾਜੇ ਸੱਜਣਾਂ ਸਦਕਾ ਸੱਚਮੁੱਚ ਦੁਨੀਆ ਖੂਬਸੂਰਤ ਬਣ ਜਾਂਦੀ ਹੈ।

ਅਜਿਹੇ ਸਾਰੇ ਸੱਜਣਾਂ ਨੂੰ ਸਲਾਮ ਤੇ ਸਿਜਦਾ! ਸ਼ਾਲਾ! ਇਨ੍ਹਾਂ ਖੁਸ਼ੀਆਂ ਤੇ ਚਾਨਣ ਵੰਡਣ ਵਾਲੇ ਲੋਕਾਂ ਦਾ ਕਾਫਲਾ ਹੋਰ ਵਧੇ-ਫੁੱਲੇ ਅਤੇ ਧਰਤੀ ਜਿਊਣ ਲਈ ਹੋਰ ਬਿਹਤਰ ਥਾਂ ਬਣ ਸਕੇ।



# ਅਮਰੀਕਾ ਦੇ ਗੁਰਦੁਆਰੇ ਵਿੱਚ ਸਮਲਿੰਗੀ ਵਿਆਹ ਤੋਂ ਵਿਵਾਦ

*** ਸ੍ਰੀ ਅਕਾਲ ਤਖਤ ਸਾਹਿਬ ਨੂੰ ਸ਼ਿਕਾਇਤ ਭੇਜੀ ਗਈ**

ਅੰਮ੍ਰਿਤਸਰ, 1 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿੱਚ ਦੋ ਨੌਜਵਾਨਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਲਾਵਾਂ ਲੈ ਕੇ ਕੀਤੇ ਆਨੰਦ ਕਾਰਜ ਦੀ ਸ਼ਿਕਾਇਤ ਸ੍ਰੀ ਅਕਾਲ ਤਖਤ ’ਤੇ ਭੇਜ ਕੇ ਇਹ ਵਿਆਹ ਕਰਵਾਉਣ ਵਾਲੇ ਗ੍ਰੰਥੀ ਸਿੰਘ ਖਿਲਾਫ ਕਾਰਵਾਈ ਦੀ ਮੰਗ ਵੀ ਕੀਤੀ ਗਈ।

ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਤੇ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਸ ਸਮਲਿੰਗੀ ਵਿਆਹ ਵਿੱਚ ਦੋ ਨੌਜਵਾਨਾਂ ਵਿੱਚੋਂ ਇੱਕ ਪੰਜਾਬੀ ਤੇ ਦੂਜਾ ਦੱਖਣੀ ਭਾਰਤ ਦਾ ਹੈ। ਦੋਵਾਂ ਨੇ ਗੁਰਦੁਆਰੇ ਤੋਂ ਬਾਹਰ ਕਿਸੇ ਹੋਟਲ ਵਿੱਚ ਖੁੱਲ੍ਹੇ ਥਾਂ ਗੁਰੂ ਸ੍ਰੀ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਆਨੰਦ ਕਾਰਜ ਕਰਾਇਆ ਹੈ, ਜਦ ਕਿ ਸਿੱਖ ਧਰਮ ਵਿੱਚ ਸਮਲਿੰਗੀ ਵਿਆਹ ਨੂੰ ਮਾਨਤਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਇੱਕ ਵੀਡੀਓ ਵੀ ਵਾਇਰਲ ਹੋਈ ਹੈ। ਉਨ੍ਹਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਹ ਅਪੀਲ ਕੀਤੀ ਹੈ ਕਿ ਉਹ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰ ਕੇ ਗੁਰੂ ਦੀ ਹਜ਼ੂਰੀ ਵਿੱਚ ਸਮਲਿੰਗੀ ਵਿਆਹ ਕਰਾਉਣ ਵਾਲੇ ਵਿਅਕਤੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਸੱਦਣ ਅਤੇ ਸਿੱਖੀ ਅਸੂਲਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਬੰਧਤ ਵੀਡੀਓ ਅਤੇ ਹੋਰ ਦਸਤਾਵੇਜ਼ ਭੇਜੇ ਗਏ ਹਨ।

# ਸਾਬਕਾ ਡੀ ਜੀ ਪੀ ਬਿਮਾਰ, ਸੁਮੇਧ ਸੈਣੀ ਵੱਲੋਂ ਜਾਂਚ ਟੀਮ ਸਾਹਮਣੇ ਪੇਸ਼ ਹੋਣ ਤੋਂ ਅਸਮਰੱਥਾ ਦੱਸੀ ਗਈ

ਮੋਹਾਲੀ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਬੀਤੇ ਦਿਨ ਐਸ ਆਈ ਟੀ ਦੇ ਸਾਹਮਣੇ ਪੇਸ਼ ਨਹੀਂ ਹੋਏ। ਬਹੁਚਰਚਿਤ ਬਲਵੰਤ ਸਿੰਘ ਮੁਲਤਾਨੀ ਅਗਵਾ ਅਤੇ ਕਤਲ ਕੇਸ ਦੀ ਜਾਂਚ ਕਰ ਰਹੀ ਐਸ ਆਈ ਟੀ ਦੇ ਅਧਿਕਾਰੀ ਐਸ ਪੀ ਹਰਮਨਦੀਪ ਸਿੰਘ ਹੰਸ, ਡੀ ਐਸ ਪੀ ਬਿਕਰਮਜੀਤ ਸਿੰਘ ਬਰਾੜ ਅਤੇ ਐਸ ਐਚ ਓ ਰਾਜੀਵ ਕੁਮਾਰ ਥਾਣਾ ਮਟੌਰ ਵਿੱਚ ਸੈਣੀ ਦਾ ਇੰਤਜ਼ਾਰ ਕਰਦੇ ਰਹੇ, ਪਰ ਸੈਣੀ ਦੁਪਹਿਰ ਇੱਕ ਵਜੇ ਤੱਕ ਹਾਜ਼ਰ ਨਹੀਂ ਹੋਏ। ਇਸ ਦੌਰਾਨ ਸਾਬਕਾ ਡੀ ਜੀ ਪੀ ਸੈਣੀ ਨੇ ਆਪਣੇ ਵਕੀਲ ਰਾਹੀਂ ਮੋਹਾਲੀ ਪੁਲਸ ਨੂੰ ਈ-ਮੇਲ ਭੇਜ ਕੇ ਦੱਸਿਆ ਕਿ ਉਹ ਬੀਮਾਰ ਹਨ ਅਤੇ ਉਨ੍ਹਾਂ ਦੇ ਡਾਕਟਰ ਵੱਲੋਂ ਉਨ੍ਹਾਂ ਨੂੰ ਬੈਡ-ਰੈਸਟ ਦੀ ਸਲਾਹ ਦਿੱਤੀ ਗਈ ਹੈ, ਇਸ ਲਈ ਉਹ ਮਟੌਰ ਥਾਣੇ ਵਿੱਚ ਅੱਜ ਦੀ ਪੇਸ਼ੀ ਲਈ ਹਾਜ਼ਰ ਨਹੀਂ ਹੋ ਸਕਦੇ।



ਵਰਨਣ ਯੋਗ ਹੈ ਕਿ ਬੀਤੀ 28 ਸਤੰਬਰ ਨੂੰ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਥਾਣਾ ਮਟੌਰ ਵਿੱਚ ਪੇਸ਼ ਹੋਏ ਸਨ ਅਤੇ ਐਸ ਆਈ ਟੀ ਨੇ ਉਨ੍ਹਾਂ ਤੋਂ ਲੱਗਭਗ ਛੇ ਘੰਟੇ ਪੁੱਛਗਿੱਛ ਕੀਤੀ ਸੀ, ਜਿਸ ਦੌਰਾਨ ਸੈਣੀ ਨੂੰ 300 ਤੋਂ ਜ਼ਿਆਦਾ ਸਵਾਲ-ਜਵਾਬ ਕੀਤੇ ਗਏ ਸਨ। ਓਦੋਂ ਸੈਣੀ ਵੱਲੋਂ ਦਿੱਤੇ ਜਵਾਬਾਂ ਤੋਂ ਐਸ ਆਈ ਟੀ ਸੰਤੁਸ਼ਟ ਨਹੀਂ ਹੋਈ ਤੇ ਪੁਲਸ ਵੱਲੋਂ ਸੁਮੇਧ ਸੈਣੀ ਨੂੰ ਮੁੜ ਮਟੌਰ ਥਾਣੇ ਵਿੱਚ ਪੇਸ਼ ਹੋਣ ਨੂੰ ਕਿਹਾ ਗਿਆ ਸੀ ਪਰ ਸਾਬਕਾ ਡੀ ਜੀ ਪੀ ਦੇ ਹਾਜ਼ਰ ਨਾ ਹੋਣ ਕਾਰਨ ਐਸ ਆਈ ਟੀ ਵੱਲੋਂ ਉਨ੍ਹਾਂ ਨੂੰ ਨਵਾਂ ਨੋਟਿਸ ਜਾਰੀ ਕੀਤਾ ਜਾਵੇਗਾ।

ਇੱਥੇ ਸਾਬਕਾ ਆਈ ਏ ਐਸ ਅਧਿਕਾਰੀ ਦੇ ਬੇਟੇ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ ਅਤੇ ਬਾਅਦ ਵਿੱਚ ਉਸ ਦੇ ਲਾਪਤਾ ਹੋ ਜਾਣ ਦੇ ਕੇਸ ਵਿੱਚ ਮਟੌਰ ਪੁਲਸ ਨੇ ਬੀਤੀ ਛੇ ਮਈ ਨੂੰ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਅਤੇ ਚੰਡੀਗੜ੍ਹ ਪੁਲਸ ਦੇ ਕੁਝ ਹੋਰ ਅਧਿਕਾਰੀਆਂ ਵਿਰੁੱਧ ਪਰਚਾ ਦਰਜ ਕੀਤਾ ਸੀ। ਸੁਮੇਧ ਸੈਣੀ ਉਸ ਵੇਲੇ (1991 ਵਿੱਚ) ਚੰਡੀਗੜ੍ਹ ਦੇ ਐਸ ਐਸ ਪੀ ਸਨ ਅਤੇ ਮੁਲਤਾਨੀ ਨੂੰ ਸੁਮੇਧ ਸਿੰਘ ਸੈਣੀ ਉਤੇ ਚੰਡੀਗੜ੍ਹ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਫੜਿਆ ਗਿਆ ਸੀ। ਹਮਲੇ ਵਿੱਚ ਸੈਣੀ ਦੀ ਸੁਰੱਖਿਆ ਵਿੱਚ ਤਾਇਨਾਤ ਚਾਰ ਪੁਲਸ ਕਰਮਚਾਰੀ ਮਾਰੇ ਗਏ ਸਨ।

**ਬਹਿਬਲ ਗੋਲੀ ਕਾਂਡ :**

# ਹਾਈ ਕੋਰਟ ਵੱਲੋਂ ਐਸ ਪੀ ਬਿਕਰਮਜੀਤ ਨੂੰ ਬਹਾਲ ਕਰਨ ਦਾ ਹੁਕਮ

ਫਰੀਦਕੋਟ, 1 ਅਕਤੂਬਰ (ਪੋਸਟ ਬਿਊਰੋ)- ਬਹਿਬਲ ਗੋਲੀ ਕਾਂਡ ਵਿੱਚ ਦੋਸ਼ੀ ਵਜੋਂ ਨਾਮਜ਼ਦ ਐਸ ਪੀ ਬਿਕਰਮਜੀਤ ਸਿੰਘ ਨੂੰ ਪੰਜਾਬ ਹਰਿਆਣਾ ਹਾਈਕੋਰਟ ਨੇ ਐਸ ਪੀ ਦੇ ਅਹੁਦੇ ਤੋਂ ਬਹਾਲ ਕਰਨ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਐਸ ਪੀ ਬਿਕਰਮਜੀਤ ਸਿੰਘ ਦੇ ਬਹਿਬਲ ਕਾਂਡ ਵਿੱਚ ਦੋਸ਼ੀ ਵਜੋਂ ਨਾਮਜ਼ਦ ਹੋਣ ਤੋਂ ਬਾਅਦ ਗ੍ਰਹਿ ਵਿਭਾਗ ਪੰਜਾਬ ਨੇ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਸੀ। ਬਿਕਰਮਜੀਤ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਦਾਇਰ ਕਰ ਕੇ ਮੰਗ ਕੀਤੀ ਸੀ ਕਿ ਉਸ ਨੂੰ ਬਹਾਲ ਕੀਤਾ ਜਾਵੇ। ਇਸ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਹ ਆਪਣਾ ਪੱਖ ਅਦਾਲਤ ਕੋਲ ਰੱਖੇ, ਪਰ ਪੰਜਾਬ ਸਰਕਾਰ ਵੱਲੋਂ ਅਦਾਲਤ ਵਿੱਚ ਪੇਸ਼ ਹੋਈ ਸਹਾਇਕ ਐਡਵੋਕੇਟ ਜਨਰਲ ਸਿਮਰਨ ਗਰੇਵਾਲ ਨੇ ਅਦਾਲਤ ਨੂੰ ਦੱਸਿਆ ਕਿ ਇਸ ਅਫਸਰ ਦੀ ਬਹਾਲੀ ਦੇ ਮੁੱਦੇ ’ਤੇ ਪੰਜਾਬ ਸਰਕਾਰ ਨੂੰ ਆਪਣਾ ਪੱਖ ਰੱਖਣ ਲਈ ਉਨ੍ਹਾਂ ਨੇ ਸੂਚਿਤ ਕਰ ਦਿੱਤਾ ਸੀ ਅਤੇ ਡੀ ਜੀ ਪੀ ਪੰਜਾਬ ਅਤੇ ਐਡੀਸ਼ਨਲ ਪ੍ਰਿੰਸੀਪਲ ਸੈਕਟਰੀ ਪੰਜਾਬ ਸਰਕਾਰ ਨੂੰ ਵੀ ਇਸ ਬਾਰੇ ਪੱਤਰ ਭੇਜਿਆ ਸੀ, ਪਰ ਸਰਕਾਰ ਨੇ ਅਦਾਲਤ ਵਿੱਚ ਪੇਸ਼ ਹੋ ਕੇ ਇਸ ਬਾਰੇ ਆਪਣਾ ਪੱਖ ਨਹੀਂ ਰੱਖਿਆ।

ਜਸਟਿਸ ਅਨਮੋਲ ਰਤਨ ਸਿੰਘ ਨੇ ਐਸ ਪੀ ਬਿਕਰਮਜੀਤ ਸਿੰਘ ਨੂੰ ਬਹਾਲ ਕਰਨ ਦਾ ਹੁਕਮ ਦਿੰਦਿਆਂ ਗ੍ਰਹਿ ਵਿਭਾਗ ਦੇ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਨੂੰ ਹੁਕਮ ਦਿੱਤੇ ਹਨ ਕਿ ਉਹ 30 ਅਕਤੂਬਰ 2020 ਤੱਕ ਆਪਣਾ ਪੱਖ ਅਦਾਲਤ ਸਾਹਮਣੇ ਰੱਖਣ ਅਤੇ ਜੇ ਅਜਿਹਾ ਨਹੀਂ ਕਰਦੇ ਤਾਂ ਉਹ ਖੁਦ ਨਿੱਜੀ ਤੌਰ ’ਤੇ ਅਦਾਲਤ ਸਾਹਮਣੇ ਪੇਸ਼ ਹੋਣ।

# ਬੇਅੰਤ ਸਿੰਘ ਦੇ ਪੋਤੇ ਨੂੰ ਨੌਕਰੀ ਦੇਣ ਦੇ ਖਿਲਾਫ ਕਲਰਕ ਹਾਈ ਕੋਰਟ ਜਾਣਗੇ

ਚੰਡੀਗੜ੍ਹ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਗੁਰਇਕਬਾਲ ਸਿੰਘ ਨੂੰ ਨੌਕਰੀ ਦੇਣ ਦੇ ਖਿਲਾਫ ਸੁਬਰਾਡੀਨੇਟ ਸਰਵਿਸਿਸ ਸਿਲੈਕਸ਼ਨ ਬੋਰਡ ਤੋਂ ਟੈਸਟ ਪਾਸ ਕਲਰਕ ਹਾਈ ਕੋਰਟ ਵਿੱਚ ਅਰਜ਼ੀ ਦੇਣ ਜਾਣਗੇ। ਉਨ੍ਹਾਂ ਨੇ ਸਰਕਾਰ ’ਤੇ ਡਬਲ ਸਟੈਂਡਰਡ ਦਾ ਦੋਸ਼ ਲਗਾਇਆ ਹੈ।




ਇਨ੍ਹਾਂ ਕਲਰਕਾਂ ਦਾ ਦੋਸ਼ ਹੈ ਕਿ ਇੱਕ ਪਾਸੇ ਸਰਕਾਰ ਹਾਈ ਕੋਰਟ ਵਿੱਚ ਕੇਸ ਜਿੱਤਣ ਦੇ ਬਾਵਜੂਦ ਇਨ੍ਹਾਂ ਲੋਕਾਂ ਦੀਆਂ ਡਿਗਰੀਆਂ ਨੂੰ ਵਿਵਾਦਤ ਦੱਸ ਕੇ ਉਨ੍ਹਾਂ ਨੂੰ ਅਜੇ ਨਿਯੁਕਤੀ ਪੱਤਰ ਨਹੀਂ ਦੇ ਰਹੀ, ਦੂਸਰੇ ਪਾਸੇ ਸਰਕਾਰ ਨੇ ਉਸੇ ਡਿਗਰੀ ’ਤੇ ਗੁਰਇਕਬਾਲ ਸਿੰਘ ਨੂੰ ਡੀ ਐਸ ਪੀ ਦੀ ਨੌਕਰੀ ਦੇ ਦਿੱਤੀ ਹੈ। ਇਹ ਟੈਸਟ ਪਾਸ ਕਲਰਕ ਸੁਨੀਲ ਕੁਮਾਰ, ਰਵਿੰਦਰ ਅਤੇ ਚੇਤਨ ਸਮੇਤ ਹੋਰਨਾਂ ਨੇ ਦੱਸਿਆ ਕਿ ਸਾਲ 2014 ਵਿੱਚ ਉਨ੍ਹਾਂ ਨੇ ਸੁਬਰਾਡੀਨੇਟ ਸਰਵਿਸਿਸ ਸਿਲੈਕਸ਼ਨ ਬੋਰਡ ਵਿੱਚ ਕਲਰਕ ਦਾ ਟੈਸਟ ਪਾਸ ਕੀਤਾ ਸੀ। ਉਨ੍ਹਾਂ ਨੂੰ ਨਿਯੁਕਤੀ ਲਈ ਵਿਭਾਗ ਅਲਾਟ ਹੋਣੇ ਸਨ, ਪ੍ਰੰਤੂ ਇਸੇ ਦੌਰਾਨ ਉਨ੍ਹਾਂ ਦੀ ਡਿਸਟੈਂਸ ਐਜੂਕੇਸ਼ਨ ਦੀ ਡਿਗਰੀ ’ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਗਿਆ। ਇਸ ਮਾਮਲੇ ਬਾਰੇ ਉਹ ਪੰਜਾਬ ਹਰਿਆਣਾ ਹਾਈ ਕੋਰਟ ਵੀ ਗਏ ਤਾਂ ਬੀਤੇ ਸਾਲ 2019 ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਦਿੰਦੇ ਹੋਏ ਤੁਰੰਤ ਨਿਯੁਕਤੀ ਪੱਤਰ ਦੇਣ ਦੇ ਹੁਕਮ ਜਾਰੀ ਕੀਤੇ ਸਨ, ਪਰ ਇੱਕ ਸਾਲ ਬੀਤ ਜਾਣ ਦੇ ਬਾਅਦ ਵੀ ਸਰਕਾਰ ਵੱਲੋਂ ਉਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਗਈ। ਗੁਰਇਕਬਾਲ ਸਿੰਘ ਦੇ ਕੋਲ ਵੀ ਇਹੋ ਡਿਸਟੈਂਸ ਐਜੂਕੇਸ਼ਨ ਦੀ ਡਿਗਰੀ ਹੈ ਅਤੇ ਉਸ ਡਿਗਰੀ ਨੂੰ ਮਾਨਤਾ ਦਿੰਦੇ ਹੋਏ ਪੰਜਾਬ ਸਰਕਾਰ ਨੇ ਡੀ ਐਸ ਪੀ ਦੀ ਨੌਕਰੀ 2017 ਵਿੱਚ ਹੀ ਦੇ ਦਿੱਤੀ ਸੀ। ਇਸ ਕਾਰਨ ਉਹ ਹਾਈ ਕੋਰਟ ਵਿੱਚ ਪਟੀਸ਼ਨ ਦੇ ਕੇ ਮੰਗ ਕਰਨਗੇ ਕਿ ਸਰਕਾਰ ਤਦ ਤੱਕ ਗੁਰਇਕਬਾਲ ਸਿੰਘ ਨੂੰ ਵੀ ਨੌਕਰੀ ਤੋਂ ਹਟਾਏ ਜਦ ਤੱਕ ਉਨ੍ਹਾਂ ਨੂੰ ਵੀ ਨਿਯੁਕਤੀ ਪੱਤਰ ਨਹੀਂ ਮਿਲ ਜਾਂਦੇ।

# ਪੰਜਾਬ ਵਿੱਚ ਹਾਈ ਸਕਿਓਰਿਟੀ ਨੰਬਰ ਪਲੇਟ ਨਾ ਹੋਣ ’ਤੇ ਚਾਲਾਨ ਹੋਵੇਗਾ

ਚੰਡੀਗੜ੍ਹ, 1 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੀਆਂ ਸੜਕਾਂ ’ਤੇ ਵਾਹਨ ਚਲਾਉਣ ਵਾਲੇ ਲੋਕਾਂ ਦੇ ਵਾਹਨ ’ਤੇ ਹਾਈ ਸਕਿਓਰਿਟੀ ਨੰਬਰ ਪਲੇਟ ਨਾ ਲੱਗੀ ਹੋਈ ਤਾਂ ਪੁਲਸ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਚਾਲਾਨ ਕੱਟ ਸਕਦੇ ਹਨ। ਪਹਿਲੀ ਵਾਰ ਚਾਲਾਨ ਦਾ ਦੋ ਹਜ਼ਾਰ ਰੁਪਏ ਜੁਰਮਾਨਾ ਅਤੇ ਦੂਸਰੀ ਵਾਰ ਇਹ ਤਿੰਨ ਹਜ਼ਾਰ ਹੋ ਜਾਵੇਗਾ।

ਟਰਾਂਸਪੋਰਟ ਵਿਭਾਗ ਨੇ 27 ਜੁਲਾਈ ਨੂੰ ਸੂਬੇ ’ਚ ਇੱਕ ਅਕਤੂਬਰ ਤੋਂ ਹਾਈ ਸਕਿਓਰਿਟੀ ਨੰਬਰ ਪਲੇਟ ਨਾ ਹੋਣ ’ਤੇ ਚਲਾਨ ਕੱਟਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਕੋਵਿਡ ਦਾ ਸਮਾਂ ਹੋਣ ਕਰ ਕੇ ਪਹਿਲਾਂ ਇਹ ਆਸ ਕੀਤੀ ਜਾ ਰਹੀ ਸੀ ਕਿ ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ ਨੰਬਰ ਪਲੇਟ ਲਾਉਣ ’ਚ ਹੋਰ ਛੋਟ ਦੇ ਸਕਦੇ ਹਨ, ਪਰ ਟਰਾਂਸਪੋਰਟ ਵਿਭਾਗ ਨੇ ਇਸ ਸਬੰਧੀ ਕੋਈ ਰਾਹਤ ਨਹੀਂ ਦਿੱਤੀ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪੁਲਸ ਜਾਂ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਬਿਨਾਂ ਹਾਈ ਸਿਕਿਓਰਿਟੀ ਪਲੇਟਾਂ ਦੇ ਵਾਹਨਾਂ ਦੇ ਚਲਾਨ ਕੱਟਣ ਦੇ ਪਾਬੰਦ ਹਨ।

ਇਸ ਬਾਰੇ ਟਰਾਂਸਪੋਰਟ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਕੇ ਸ਼ਿਵਾ ਪ੍ਰਸ਼ਾਦ ਦੇ ਦਸਤਖਤਾਂ ਹੇਠ ਵਿਭਾਗ ਵੱਲੋਂ 27 ਜੁਲਾਈ ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਵਿੱਚ ਵਾਹਨਾਂ ਉਤੇ ਹਾਈ ਸਕਿਓਰਿਟੀ ਨੰਬਰ ਪਲੇਟ ਲਾਉਣਾ ਲਾਜ਼ਮੀ ਹੋ ਗਿਆ ਹੈ। ਵਾਹਨ ’ਤੇ ਨੰਬਰ ਪਲੇਟ ਨਾ ਲਾਉਣ ’ਤੇ ਪਹਿਲੀ ਵਾਰ ਦੋ ਹਜ਼ਾਰ ਰੁਪਏ ਜੁਰਮਾਨਾ ਹੋਵੇਗਾ ਅਤੇ ਦੂਜੀ ਵਾਰ ਜੁਰਮਾਨਾ ਨਾ ਹੋਣ ਉੱਤੇ ਇਸ ਵਿੱਚ ਇੱਕ ਹਜ਼ਾਰ ਰੁਪਏ ਦਾ ਵਾਧਾ ਕਰ ਦਿੱਤਾ ਜਾਵੇਗਾ, ਯਾਨੀ ਦੂਜੀ ਵਾਰ ਤਿੰਨ ਹਜ਼ਾਰ ਰੁਪਏ ਜੁਰਮਾਨਾ ਹੋਵੇਗਾ। ਵਿਭਾਗ ਨੇ ਚਲਾਨ ਕੱਟਣ, ਵਾਹਨ ਇੰਪਾਊਂਡ ਕਰਨ ਵਾਲੇ ਟਰਾਂਸਪੋਰਟ ਤੇ ਪੁਲਸ ਅਧਿਕਾਰੀਆਂ ਦੇ ਅਧਿਕਾਰ ਖੇਤਰ ਬਾਰੇ ਵੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਪੁਲਸ ਦੇ ਸਹਾਇਕ ਸਬ ਇੰਸਪੈਕਟਰ (ਏ ਐਸ ਆਈ) ਤੋਂ ਹੇਠਲੇ ਰੈਂਕ ਦਾ ਕੋਈ ਮੁਲਾਜ਼ਮ ਚਲਾਨ ਨਹੀਂ ਕੱਟ ਸਕੇਗਾ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਵਿੱਚ ਸਟੇਟ ਟਰਾਂਸਪੋਰਟ ਕਮਿਸ਼ਨਰ, ਐਡੀਸ਼ਨਲ/ਜੁਆਇੰਟ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ, ਡਿਪਟੀ ਸਟੇਟ ਟਰਾਂਸਪੋਰਟ ਕਮਿਸ਼ਨਰ, ਸੈਕਟਰੀ ਰੀਜਨਲ ਟਰਾਂਸਪੋਰਟ ਅਥਾਰਟੀ, ਸਹਾਇਕ ਟਰਾਂਸਪੋਰਟ ਅਫਸਰ ਅਤੇ ਸਬ ਡਵੀਜ਼ਨਲ ਮੈਜਿਸਟਰੇਟ (ਐਸ ਡੀ ਐਮ) ਚਲਾਨ ਕੱਟਣ ਦੇ ਸਮਰੱਥ ਹੋਣਗੇ।





## ਏਮਜ਼ ਦੀ ਟੀਮ ਨੂੰ ਸੁਸ਼ਾਂਤ ਰਾਜਪੂਤ ਦੀ ਬਾਡੀ ਵਿੱਚੋਂ ਜ਼ਹਿਰ ਨਹੀਂ ਮਿਲਿਆ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਫਿਲਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੇ ਕੇਸ ਵਿੱਚ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਦੀ ਫੋਰੈਂਸਿਕ ਟੀਮ ਦੀ ਜਾਂਚ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਉਂਜ ਜਾਣਕਾਰ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਜਾ ਰਿਹਾ ਹੈ ਕਿ ਫੋਰੈਂਸਿਕ ਟੀਮ ਨੂੰ ਆਪਣੀ ਜਾਂਚ ਵਿੱਚ ਸੁਸ਼ਾਂਤ ਦੀ ਬਾਡੀ ’ਚੋਂ ਕਿਸੇ ਤਰ੍ਹਾਂ ਦਾ ਕੋਈ ਜ਼ਹਿਰ ਨਹੀਂ ਮਿਲਿਆ। ਇਸ ਦੀ ਜਾਂਚ ਕਰ ਰਹੀ ਸੀ ਬੀ ਆਈ ਦੀ ਟੀਮ ਨੇ ਏਮਜ਼ ਦੇ ਫੋਰੈਂਸਿਕ ਮਾਹਰਾਂ ਦੀ ਇੱਕ ਟੀਮ ਬਣਾਈ ਸੀ, ਜਿਹੜੀ ਸੁਸ਼ਾਂਤ ਦੇ ਵਿਸਰਾ ਅਤੇ ਆਟੋਪਸੀ ਦੀ ਜਾਂਚ ਦੇ ਆਧਾਰ ’ਤੇ ਆਪਣੀ ਰਿਪੋਰਟ ਵਿੱਚ ਇਹ ਦੱਸੇਗੀ ਕਿ ਸੁਸ਼ਾਂਤ ਨੇ ਖੁਦਕੁਸ਼ੀ ਕੀਤੀ ਜਾਂ ਉਨ੍ਹਾਂ ਦੀ ਹੱਤਿਆ ਹੋਈ ਸੀ। ਇਸ ਫੋਰੈਂਸਿਕ ਟੀਮ ਦੀ ਜਾਂਚ ਨਾਲ ਜੁੜੀਆਂ ਕੁਝ ਗੱਲਾਂ ਸਾਹਮਣੇ ਆਈਆਂ ਹਨ, ਜਿਨਾਂ ਤੋਂ ਮੰਨਿਆ ਜਾ ਰਿਹਾ ਹੈ ਕਿ ਸੀ ਬੀ ਆਈ ਦੀ ਟੀਮ ਇਸ ਕੇਸ ਵਿੱਚ ਖੁਦਕੁਸ਼ੀ ਲਈ ਉਕਸਾਉਣ ਦੇ ਐਂਗਲ ਤੋਂ ਵੀ ਅੱਗੇ ਵਧੇਗੀ।

## ਖਰਾਬ ਕੁਆਲਿਟੀ ਦੇ ਗੋਲਾ-ਬਾਰੂਦ ਨਾਲ ਲਗਾਤਾਰ ਫੌਜੀ ਨੁਕਸਾਨ

**ਅਣਗਹਿਲੀ ਦੇ ਨਤੀਜੇ**

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਪਤਾ ਲੱਗਾ ਹੈ ਕਿ ਹਰ ਮਹੀਨੇ ਭਾਰਤੀ ਫੌਜ ਦਾ ਇੱਕ ਜਵਾਨ ਦੁਸ਼ਮਣਾਂ ਦੇ ਹੱਥੋਂ ਨਹੀਂ, ਬਲਕਿ ਆਪਣੇ ਖਰਾਬ ਗੋਲਾ-ਬਾਰੂਦ ਕਾਰਨ ਜ਼ਖਮੀ ਹੋ ਜਾਂਦਾ ਜਾਂ ਮਾਰਿਆ ਜਾਂਦਾ ਹੈ। ਇਸ ਗੋਲਾ-ਬਾਰੂਦ ਦੀ ਸਪਲਾਈ ਸਰਕਾਰੀ ਗੈਰ ਜੰਗੀ ਫੈਕਟਰੀਆਂ ਵੱਲੋਂ ਕੀਤੀ ਜਾਂਦੀ ਹੈ।

ਸਰਕਾਰੀ ਅਧਿਕਾਰੀਆਂ ਦੇ ਅਨੁਸਾਰ ਸੁਰੱਖਿਆ ਬਲਾਂ ਨਾਲ ਸਬੰਧਤ ਇੱਕ ਗੋਲਾ-ਬਾਰੂਦ ਨਾਲ ਜੁੜਿਆ ਹਾਦਸਾ ਔਸਤਨ ਹਰ ਹਫਤੇ ਰਿਪੋਰਟ ਕੀਤਾ ਜਾਂਦਾ ਹੈ। ਇਸ ਨਾਲ ਜਵਾਨ ਜ਼ਖਮੀ ਹੁੰਦਾ ਹੈ ਜਾਂ ਸਬੰਧਤ ਜਵਾਨ ਦੀ ਮੌਤ ਹੋ ਜਾਂਦੀ ਹੈ ਜਾਂ ਜੰਤਰਾਂ ਨੂੰ ਹਾਨੀ ਹੁੰਦੀ ਹੈ। ਮੁੱਖ ਸਪਲਾਈ ਕਰਤਾ ਆਰਡਨੈਂਸ ਬੋਰਡ ਵੱਲੋਂ ਚਲਾਈ ਜਾ ਰਹੀ ਫੈਕਟਰੀ ਹੈ। ਇਨ੍ਹਾਂ ਦੇ ਖਰਾਬ ਗੋਲਾ-ਬਾਰੂਦ ਕਾਰਨ ਹਾਦਸੇ ਹੁੰਦੇ ਹਨ। ਇਸ ਤੋਂ ਫੌਜ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੁੰਦੀ ਹੈ, ਜੋ ਹਵਾਈ ਫੌਜ ਜਾਂ ਸਮੁੰਦਰੀ ਫੌਜ ਤੋਂ ਵੱਧ ਗੋਲਾ-ਬਾਰੂਦ ਦੀ ਵਰਤੋਂ ਕਰਦੇ ਹਨ।

ਪਤਾ ਲੱਗਾ ਹੈ ਕਿ ਸਾਲ 2020 ਵਿੱਚ ਨੁਕਸਾਦਾਰ ਗੋਲਾ-ਬਾਰੂਦ ਨਾਲ 13 ਜਵਾਨ ਜ਼ਖਮੀ ਹੋਏ ਸਨ ਅਤੇ 2019 ਵਿੱਚ 16 ਹਾਦਸਿਆਂ ਵਿੱਚ 28 ਜਵਾਨ ਜ਼ਖਮੀ ਹੋ ਗਏ ਤੇ ਤਿੰਨ ਦੀ ਮੌਤ ਹੋ ਗਈ। 2018 ਵਿੱਚ 78 ਘਟਨਾਵਾਂ ਵਿੱਚ ਘੱਟੋ-ਘੱਟ 43 ਜਵਾਨ ਜ਼ਖਮੀ ਹੋਏ ਤੇ ਤਿੰਨ ਨੇ ਆਪਣੀ ਜਾਨ ਗਵਾਈ ਸੀ। 2017 ਵਿੱਚ ਇਹੋ ਜਿਹੀਆਂ 13 ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਇੱਕ ਜਵਾਨ ਦੀ ਮੌਤ ਹੋਈ ਅਤੇ 18 ਹੋਰ ਜ਼ਖਮੀ ਹੋ ਗਏ। ਇਸ ਮਾਮਲੇ ਵਿੱਚ ਸਾਲ 2016 ਸਭ ਤੋਂ ਖਰਾਬ ਰਿਹਾ, ਜਦੋਂ ਇਸ ਤਰ੍ਹਾਂ ਦੀਆਂ 60 ਘਟਨਾਵਾਂ ਵਿੱਚ 19 ਜਵਾਨਾਂ ਦੀ ਮੌਤ ਹੋ ਗਈ ਅਤੇ 28 ਹੋਰ ਜ਼ਖਮੀ ਹੋ ਗਏ। ਇਸ ਨਾਲ ਸਰਕਾਰੀ ਖਜ਼ਾਨੇ ਨੂੰ ਵੀ ਕਾਫੀ ਨੁਕਸਾਨ ਪਹੁੰਚਦਾ ਹੈ।

## 11 ਰਾਜਾਂ ਦੀਆਂ 56 ਵਿਧਾਨ ਸਭਾ ਸੀਟਾਂ ’ਤੇ ਉਪ ਚੋਣ ਦਾ ਐਲਾਨ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਬਿਹਾਰ ਚੋਣਾਂ ਦੇ ਐਲਾਨ ਦੇ ਬਾਅਦ ਚੋਣ ਕਮਿਸ਼ਨ ਨੇ ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਸਮੇਤ 11 ਰਾਜਾਂ ਦੀਆਂ 56 ਵਿਧਾਨ ਸਭਾ ਸੀਟਾਂ ਅਤੇ ਬਿਹਾਰ ਵਿੱਚ ਲੋਕ ਸਭਾ ਦੀ ਇੱਕ ਖਾਲੀ ਸੀਟ ਉੱਤੇ ਉਪ ਚੋਣ ਕਰਾਉਣ ਲਈ ਐਲਾਨ ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 28 ਵਿਧਾਨ ਸਭਾ ਸੀਟਾਂ ਮੱਧ ਪ੍ਰਦੇਸ਼ ਦੀਆਂ ਹਨ। ਮਣੀਪੁਰ ਨੂੰ ਛੱਡ ਕੇ ਸਾਰੀਆਂ ਵਿਧਾਨ ਸੀਟਾਂ ਉਤੇ ਉਪ ਚੋਣਾਂ ਤਿੰਨ ਨਵੰਬਰ ਨੂੰ ਹੋਣਗੀਆਂ, ਪਰ ਮਣੀਪੁਰ ਦੀਆਂ ਦੋ ਵਿਧਾਨ ਸਭਾ ਸੀਟਾਂ ਅਤੇ ਬਿਹਾਰ ਦੀ ਖਾਲੀ ਪਈਆਂ ਲੋਕ ਸਭਾ ਸੀਟ ’ਤੇ ਚੋਣਾਂ ਸੱਤ ਨਵੰਬਰ ਨੂੰ ਹੋਣਗੀਆਂ। ਇਨ੍ਹਾਂ ਸਾਰੀਆਂ ਚੋਣਾਂ ਦੇ ਨਤੀਜੇ ਦਸ ਨਵੰਬਰ ਨੂੰ ਆਉਣਗੇ।

ਕੋਰੋਨਾ ਵਾਇਰਸ ਦੀ ਮਾਰ ਦੇ ਦੌਰਾਨ ਹੋ ਰਹੀਆਂ ਇਨ੍ਹਾਂ ਚੋਣਾਂ ਬਾਰੇ ਚੋਣ ਕਮਿਸ਼ਨ ਨੇ ਬਿਮਾਰੀ ਦੇ ਬਚਾਅ ਵਾਸਤੇ ਪੱਕੇ ਪ੍ਰਬੰਧ ਕੀਤੇ ਹਨ। ਇਨ੍ਹਾਂ ਚੋਣਾਂ ਬਾਰੇ ਦਿਸ਼ਾ-ਨਿਰਦੇਸ਼ਾਂ ਵਿੱਚ ਚੋਣ ਰੈਲੀ ਦੀ ਖੁੱਲ੍ਹ ਨਹੀਂ ਹੋਵੇਗੀ। ਉਮੀਦਵਾਰ ਸਿਰਫ ਪੰਜ ਲੋਕਾਂ ਦੇ ਨਾਲ ਡੋਰ-ਟੂ-ਡੋਰ ਪ੍ਰਚਾਰ ਕਰ ਸਕਣਗੇ। ਨਾਮਜ਼ਦਗੀ ਦੇ ਦੌਰਾਨ ਉਹ ਸਿਰਫ ਦੋ ਵਾਹਨਾਂ ਦੀ ਵਰਤੋਂ ਕਰ ਸਕਣਗੇ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਬਿਹਾਰ ਵਿਧਾਨ ਸਭਾ ਚੋਣਾਂ ਦੇ ਐਲਾਨ ਦੇ ਦੈਰਾਨ ਇਹ ਸੰਕੇਤ ਦਿੱਤਾ ਸੀ ਕਿ ਮੱਧ ਪ੍ਰਦੇਸ਼ ਸਮੇਤ 11 ਰਾਜਾਂ ਦੀਆਂ ਖਾਲੀ ਸੀਟਾਂ ’ਤੇ ਚੋਣ ਦਾ ਐਲਾਨ 29 ਸਤੰਬਰ ਨੂੰ ਕੀਤਾ ਜਾਏਗਾ।


ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514

8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ

ਰੇਟ: $14/ਘੰਟਾ


## ਭਾਰਤ ਵੱਲੋਂ ਬ੍ਰਹਿਮੋਸ ਮਿਜ਼ਾਈਲ ਦਾ ਟੈਸਟ ਸਫ਼ਲ



ਬਾਲਾਸੋਰ, 1 ਅਕਤੂਬਰ (ਪੋਸਟ ਬਿਊਰੋ)- ਓਡੀਸ਼ਾ ਤੱਟ ’ਤੇ ਏਕੀਕ੍ਰਿਤ ਟੈਸਟ ਰੇਂਜ (ਆਈ ਟੀ ਆਰ) ’ਚ ਸਰਫੇਸਤੋਂਸਰਫੇਸਤੱਕ ਮਾਰ ਕਰਨ ਵਾਲੀ ਸੁਪਰਸੋਨਿਕ ਕਰੂਜ਼ ਮੀਡੀਅਮ ਰੇਂਜ ਮਿਜ਼ਾਈਲ ਬ੍ਰਹਿਮੋਸ ਦਾ ਸਫ਼ਲ ਟੈਸਟ ਕੀਤਾ ਗਿਆ ਹੈ। ਇਸ ਦੀ ਮਾਰਕ ਸਮਰੱਥਾ 400 ਕਿਲੋ ਮੀਟਰ ਤੋਂ ਵੱਧਹੈ। ਭਾਰਤ ਅਤੇ ਰੂਸ ਨੇ ਇਸ ਨੂੰ ਮਿਲ ਕੇ ਬਣਾਇਆ ਹੈ। ਅਗਨੀ ਦੇ ਸਿਧਾਂਤ ’ਤੇ ਕੰਮ ਕਰਦੀ ਅਤੇ 450 ਕਿਲੋਮੀਟਰ ਦੀ ਰੇਂਜ ਵਾਲੀ ਇਹ ਮਿਜ਼ਾਈਲ 200 ਕਿਲੋ ਤੱਕ ਦੇ ਰਵਾਇਤੀ ਵਾਰ-ਹੈਡ ਲਿਜਾਣ ਦੀ ਸਮਰੱਥਾ ਰਖਦੀ ਹੈ।

ਇਹ ਮਿਜ਼ਾਈਲ ਕੱਲ੍ਹ 10.27 ਵਜੇ ਆਈ ਟੀ ਆਰ ਦੇ ਲਾਂਚ ਕੰਪਲੈਕਸ-3 ਤੋਂ ਦਾਗ਼ੀ ਗਈ ਸੀ। ਇਸ 9 ਮੀਟਰ ਲੰਬੀ ਅਤੇ 670 ਮਿਲੀਮੀਟਰ ਵਿਆਸ ਵਾਲੀ ਮਿਜ਼ਾਈਲ ਦਾ ਕੁੱਲ ਭਾਰ ਲੱਗਭਗ ਤਿੰਨ ਟਨ ਹੈ।ਇਹ ਇੱਕ ਜਹਾਜ਼ ਤੋਂ ਦਾਗ਼ੇ ਜਾਣ ’ਤੇ ਆਵਾਜ਼ ਦੀ ਗਤੀ ਤੋਂ ਦੁੱਗਣੀ ਗਤੀ ਨਾਲ 14 ਕਿਲੋਮੀਟਰ ਦੀ ਉਚਾਈ ਤੱਕ ਜਾ ਸਕਦੀ ਹੈ। ਇਹ 20 ਕਿਲੋਮੀਟਰ ਦੀ ਦੂਰੀ ’ਤੇ ਆਪਣੇ ਰਾਹਾਂ ਨੂੰ ਬਦਲ ਸਕਦੀ ਹੈ। ਬ੍ਰਹਿਮੋਸ ਨਾਮ ਦੋ ਨਦੀਆਂ ਭਾਰਤ ਦੇ ਬ੍ਰਹਮਪੁੱਤਰ ਅਤੇ ਰੂਸ ਦੇ ਮੋਸਕਵਾ ਦੇ ਨਾਂ ’ਤੇ ਰੱਖਿਆ ਗਿਆ ਹੈ। ਖੋਜ ਵਿਕਾਸ ਸੰਗਠਨ (ਡੀ ਆਰ ਡੀ ਓ) ਅਤੇ ਏਕੀਕ੍ਰਿਤ ਟੈਸਟ ਰੇਂਜ ਦੇ ਅਧਿਕਾਰੀਆਂ ਨੇ ਇਸ ਕਾਰਵਾਈ ਨੂੰ ਦੇਖਿਆ ਅਤੇ ਇਸ ਦੀ ਸਫ਼ਲਤਾ ’ਤੇ ਇੱਕ-ਦੂਜੇ ਨੂੰ ਵਧਾਈ ਦਿੱਤੀ। ਬ੍ਰਹਿਮੋਸ ਮੌਜੂਦਾ ਸਮੇਂ ਦੁਨੀਆ ਦੀਆਂ ਉਨ੍ਹਾਂ ਕੁਝ ਸੁਪਰਸੋਨਿਕ ਕਰੂਜ਼ ਮਿਜ਼ਾਈਲਾਂ ’ਚੋਂ ਇੱਕ ਹੈ, ਜਿਸ ਨੂੰ ਪਹਿਲਾਂ ਹੀ ਭਾਰਤੀ ਜਲ ਸੈਨਾ ਨੇ ਆਪਣੇ ਜੰਗੀ ਬੇੜਿਆਂ ਲਈ ਉਨਤ ਫ਼ਾਇਰ ਕੰਟਰੋਲ ਸਿਸਟਮ ਨਾਲ ਸਵੀਕਾਰ ਕਰ ਲਿਆ ਹੈ।

## ਹਰ ਚਾਰ ਭਾਰਤੀਆਂ ਵਿੱਚੋਂ ਇੱਕ ਦੇ ਆਨਲਾਈਨ ਅਕਾਊਂਟ ਦਾ ਪਾਸਵਰਡ ਕਮਜ਼ੋਰ

ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਇੱਕ ਖੋਜ ਵਿੱਚ ਪਤਾ ਲੱਗਾ ਹੈ ਕਿ ਭਾਰਤ ਵਿੱਚ ਹਰ ਚਾਰ ਜਣਿਆਂ ਵਿੱਚੋਂ ਇੱਕ ਜਣਾ ਆਪਣੇ ਅਨਲਾਈਨ ਅਕਾਊਂਟ ਦੇ ਪਾਸਵਰਡ ਕਮਜ਼ੋਰ ਰੱਖਦੇ ਹਨ ਅਤੇ ਦੂਸਰੇ ਪਾਸੇ 55 ਫੀਸਦੀ ਲੋਕ ਏਦਾਂ ਦੇ ਹਨ ਕਿ ਉਹ ਆਪਣਾ ਪਾਸਵਰਡ ਰੋਜ਼ਾਨਾ ਬਦਲਦੇ ਰਹਿੰਦੇ ਹਨ।

ਸਾਈਬਰ ਸਕਿਓਰਿਟੀ ਕੰਪਨੀ ਕਾਸਪਰਸਕੀ ਵੱਲੋਂ ਕਰਵਾਏ ਸਰਵੇਖਣ ‘ਡਿਜੀਟਲ ਪ੍ਰਾਇਵੇਸੀ ਐਂਡ ਪਾਸਵਰਡ ਮੈਨੇਜਮੈਂਟ ਹੈਬਿਟਸ’ ਵਿੱਚ ਪਤਾ ਲੱਗਾ ਹੈ ਕਿ ਲਗਭਗ 76 ਫੀਸਦੀ ਭਾਰਤੀ ਆਪਣੇ ਸਾਰੇ ਆਨਲਾਈਨ ਅਕਾਊਂਟ ਦੇ ਲਈ ਮਜ਼ਬੂਤ ਪਾਸਵਰਡ ਦੀ ਵਰਤੋਂ ਕਰਦੇ ਹਨ। ਰਿਪੋਰਟ ਵਿੱਚ ਦੱਸਿਆ ਗਿਆ ਕਿ ਦੂਸਰੇ ਪਾਸੇ 32 ਫੀਸਦੀ ਲੋਕ ਆਪਣੇ ਬਰਾਊਜ਼ਰ ’ਤੇ ਪਾਸਵਰਡ ਸੇਵ ਕਰ ਕੇ ਰੱਖਦੇ ਹਨ, ਪਰ 32 ਫੀਸਦੀ ਲੋਕ ਏਦਾਂਨਹੀਂ ਕਰਦੇ।

## ਅਸਲ ਕੰਟਰੋਲ ਰੇਖਾ ਬਾਰੇ ਚੀਨੀ ਦਾਅਵਾ ਭਾਰਤ ਵੱਲੋਂ ਰੱਦ



ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਅਸਲ ਕੰਟਰੋਲ ਰੇਖਾ (ਐਲ ਏ ਸੀ) ਨੂੰ ਲੈ ਕੇ ਚੀਨ ਦੇ ਦਾਅਵੇ ਨੂੰ ਭਾਰਤ ਨੇ ਇੱਕ ਦਮ ਮੂਲੋਂ-ਮੁੱਢੋਂ ਹੀ ਖਾਰਜ ਕਰ ਦਿੱਤਾ ਹੈ।

ਇਸ ਸਬੰਧੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਭਾਰਤ ਨੇ ਕਦੇ ਨੇ ਵੀ ਚੀਨ ਵੱਲੋਂ 1959 ਦੇ ਇਕਪਾਸੜ ਤੌਰ ’ਤੇ ਤੈਅ ਅਸਲ ਕੰਟਰੋਲ ਰੇਖਾ (ਐਲ ਏ ਸੀ) ਨੂੰ ਨਹੀਂ ਮੰਨਿਆ। 1993 ਤੋਂ ਬਾਅਦ ਅਜਿਹੇ ਕਈ ਸਮਝੌਤੇ ਹੋਏ, ਜਿਨਾਂ ਦਾ ਉਦੇਸ਼ ਅੰਤਿਮ ਸਮਝੌਤੇ ਤੱਕ ਸਰਹੱਦ ’ਤੇ ਸ਼ਾਂਤੀ ਤੇ ਸਥਿਤੀ ਨੂੰ ਜਿਉਂ ਦੀ ਤਿਉਂ ਬਣਾਈ ਰੱਖਣਾ ਸੀ। ਸਾਲ 2003 ਤੱਕ ਦੋਵਾਂ ਪਾਸਿਆਂ ਤੋਂ ਅਸਲ ਕੰਟਰੋਲ ਰੇਖਾ (ਐਲ ਏ ਸੀ) ਦੇ ਮਿਥੇ ਜਾਣ ਲਈ ਕੋਸ਼ਿਸ਼ ਹੁੰਦੀ ਰਹੀ, ਪਰ ਇਸ ਤੋਂ ਬਾਅਦ ਚੀਨ ਨੇ ਇਸ ’ਚ ਦਿਲਚਸਪੀ ਵਿਖਾਉਣੀ ਬੰਦ ਕਰ ਦਿੱਤੀ, ਜਿਸ ਤੋਂ ਬਾਅਦ ਇਹ ਪ੍ਰਕਿਰਿਆ ਰੁਕ ਗਈ। ਚੀਨ ਦਾ ਕਹਿਣਾ ਕਿ ਇੱਕੋ ਅਸਲ ਕੰਟਰੋਲ ਰੇਖਾ (ਐਲ ਏ ਸੀ) ਹੈ, ਜੋ ਪਿਛਲੇ ਸਮਝੌਤਿਆਂ ਦੀ ਉਲੰਘਣਾ ਹੈ। ਵਰਨਣ ਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਚੀਨ ਇਕਪਾਸੜ ਤਰੀਕੇ ਨਾਲ ਐਲ ਈ ਸੀ ਦੀ ਵੰਡ ਨੂੰ ਬਦਲਣਾ ਚਾਹੁੰਦਾ ਹੈ।

## ਦੁਸ਼ਯੰਤ ਤੇ ਰਣਜੀਤ ਸਿੰਘ ਦਾ ਭਾਜਪਾ ਤੋਂ ਤੋੜ ਵਿਛੋੜਾ ਕਰਾਉਣ ਲਈ ਕਿਸਾਨਾਂ ਦੀ ਲਾਮਬੰਦੀ

*** 6 ਅਕਤੂਬਰ ਨੂੰ ਸਿਰਸੇ ’ਚ ਸੂਬਾ ਪੱਧਰੀ ਘਿਰਾਓ ਹੋਵੇਗਾ**



ਡੱਬਵਾਲੀ, 1 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ’ਚ ਭਾਜਪਾ ਦੇ ਸਹਿਯੋਗੀ ਸਿਆਸਤਦਾਨਾਂ ਦੇ ਅਕਾਲੀ ਦਲ ਵਾਂਗ ਭਾਜਪਾ ਤੋਂ ਤੋੜ-ਵਿਛੋੜੇ ਲਈ ਓਥੋਂ ਦੇ ਕਿਸਾਨਾਂ ਨੇ ਕਮਰਕੱਸੇ ਕਰ ਲਏ ਹਨ। ਹਰਿਆਣਾ ਦੇ 17 ਕਿਸਾਨ ਸੰਗਠਨਾਂ ਨੇ 6 ਅਕਤੂਬਰ ਨੂੰ ਸਿਰਸਾ ’ਚ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਅਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਦੇ ਘਿਰਾਓ ਦਾ ਐਲਾਨ ਕੀਤਾ ਹੈ। ਸੂਬਾ ਪੱਧਰੀ ਘਿਰਾਓ ਪ੍ਰਤੀ ਲਾਮਬੰਦੀ ਨੂੰ ਕਿਸਾਨ ਸੰਘਰਸ਼ ਦੀ ਕਰਮ ਭੂਮੀ ਪਿੰਡ ਚੌਟਾਲਾ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ।

ਹਰਿਆਣਾ ਕਿਸਾਨ ਮੰਚ ਦੇ ਸੂਬਾ ਪ੍ਰਧਾਨ ਪ੍ਰਹਿਲਾਦ ਸਿੰਘ ਭਾਰੂ ਖੇੜਾ ਨੇ ਕਿਸਾਨਾਂ ਅਤੇ ਨੌਜਵਾਨਾਂ ਨਾਲ ਡੱਬਵਾਲੀ ਵਿਖੇ ਕੀਤੀ ਮੀਟਿੰਗ ਪਿੱਛੋਂ ਕਿਹਾ ਕਿ ਗਠਜੋੜ ਸਰਕਾਰ ਵਿੱਚ ਉਚ ਅਹੁਦਿਆਂਵਾਲੇ ਦੋਵੇਂ ਆਗੂਆਂ ਦਾ ਘਿਰਾਓ ਚੌਧਰੀ ਦੇਵੀ ਲਾਲ ਦੇ ਪੁੱਤਰ ਅਤੇ ਪੋਤਰੇ ਹੋਣ ਕਰਕੇ ਕੀਤਾ ਜਾ ਰਿਹਾ ਹੈ। ਜੇ ਅੱਜ ਚੌਧਰੀ ਦੇਵੀ ਜੀਉਂਦੇ ਹੁੰਦੇ ਤਾਂ ਉਨ੍ਹਾਂ ਕਿਸਾਨ ਮਾਰੂ ਬਿੱਲਾਂ ਦੇ ਖ਼ਿਲਾਫ਼ ਝੰਡਾ ਬੁਲੰਦ ਕਰ ਦੇਣਾ ਸੀ। ਉਨ੍ਹਾਂ ਕਿਹਾ ਕਿ ਜਿਸ ਢੰਗ ਨਾਲ ਪੰਜਾਬ ’ਚ ਕਿਸਾਨਾਂ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਇਸ਼ ਦਾ ਘਿਰਾਓ ਕਰਨ ਉਪਰੰਤ ਅਕਾਲੀ ਦਲ ਨੂੰ ਕੇਂਦਰੀ ਵਜ਼ਾਰਤ ਛੱਡਕੇ ਭਾਜਪਾ ਨਾਲੋਂ ਦਹਾਕਿਆਂ ਪੁਰਾਣਾ ਨਾਤਾ ਤੋੜਨਾ ਪਿਆ, ਉਸੇ ਤਰ੍ਹਾਂ ਹਰਿਆਣਾ ਵਿੱਚ ਜਨਨਾਇਕ ਜਨਤਾ ਪਾਰਟੀ ਅਤੇ ਚੌਧਰੀ ਰਣਜੀਤ ਸਿੰਘ ਨੂੰ ਭਾਜਪਾ ਨਾਲੋਂ ਨਾਤਾ ਤੋੜਨ ਲਈ ਮਜ਼ਬੂਰ ਕੀਤਾ ਜਾਵੇਗਾ।


## 50 ਸਾਲਾਂ ਤੀਕਰ ਪੂਰਬੀ ਏਸ਼ੀਆ ਅਤੇ ਪੈਸੇਫਿਕ ਖੇਤਰੀ ਅਰਥ ਵਿਵਸਥਾ ’ਚ ਕੁਝ ਵਾਧਾ ਹੋਵੇਗਾ




ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਪੂਰਬੀ ਏਸ਼ੀਆ ਤੇ ਪ੍ਰਸ਼ਾਂਤ ਖੇਤਰ ਦੇ ਨਾਲ-ਨਾਲ ਚੀਨ ’ਚ ਵੀ ਅਰਥ ਵਿਵਸਥਾ 50 ਤੋਂ ਵੱਧ ਸਾਲਾਂ ਬਾਅਦ ਸਭ ਤੋਂ ਹੌਲੀ ਦਰ ਨਾਲ ਵਾਧਾ ਕਰੇਗੀ।

ਵਿਸ਼ਵ ਬੈਂਕ ਨੇ ਆਪਣੀ ਰਿਪੋਰਟ ’ਚ ਇਹ ਸ਼ੱਕ ਪ੍ਰਗਟਾਇਆ ਹੈ ਕਿ ਸਾਲ 2020 ’ਚ ਇਸ ਖੇਤਰ ਵਿੱਚ ਗ੍ਰੋਥ 0.9 ਫੀਸਦੀ ਤੱਕ ਵਧਣ ਦੀ ਆਸ ਹੈ। ਇਹ 1967 ਤੋਂ ਬਾਅਦ ਦੀ ਸਭ ਤੋਂ ਘੱਟ ਦਰ ਹੈ। ਇਸ ਨਾਲ ਲੱਗਭਗ 3.80 ਕਰੋੜ ਲੋਕਾਂ ’ਤੇ ਗਰੀਬੀ ਦਾ ਖਤਰਾ ਮੰਡਰਾ ਰਿਹਾ ਹੈ। ਇਸ ਸਾਲ ਚੀਨ ਵਿੱਚ ਵੀ ਵਿਕਾਸ ਦਰ ਦੋ ਫੀਸਦੀ ਰਹਿਣ ਦੀ ਉਮੀਦ ਸੀ। ਸਰਕਾਰੀ ਖਰਚੇ ’ਚ ਵਾਧਾ, ਐਕਸਪੋਰਟ ’ਚ ਮਜ਼ਬੂਤੀ ਅਤੇ ਮਾਰਚ ਤੋਂ ਬਾਅਦ ਨਵੇਂ ਕੋਰੋਨਾ ਵਾਇਰਸ ਕੇਸ ’ਚ ਆਈ ਕਮੀ ਨਾਲ ਅਜਿਹੀ ਉਮੀਦ ਕੀਤੀ ਗਈ ਸੀ ਕਿ ਮੱਠੀ ਘਰੇਲੂ ਖਪਤ ਕਾਰਨ ਅਜਿਹਾ ਨਹੀਂ ਹੋ ਸਕਿਆ। ਇਸ ਬਾਰੇ ਵਿਸ਼ਵ ਬੈਂਕ ਨੇ ਕਿਹਾ ਕਿ ਪੂਰਬੀ ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਦੇ ਬਾਕੀ ਹਿੱਸਿਆਂ ’ਚ ਅਰਥ ਵਿਵਸਥਾ ’ਚ 3.5 ਫੀਸਦੀ ਕਾਂਟ੍ਰੈਕਸ਼ਨ ਹੋ ਸਕਦੀ ਹੈ। ਰਿਪੋਰਟ ਮੁਤਾਬਕ ਮਹਾਮਾਰੀ ਅਤੇ ਇਸ ਦੇ ਪਸਾਰ ਰੋਕਣ ਦੇ ਯਤਨਾਂ ਨਾਲ ਆਰਥਿਕ ਸਰਗਰਮੀ ’ਚ ਸੁਧਾਰ ਹੋਇਆ ਹੈ। ਰਿਪੋਰਟ ’ਚ ਕਿਹਾ ਗਿਆ ਹੈ ਕਿ ਇਨ੍ਹਾਂ ਦੇਸ਼ਾਂ ਨੂੰ ਮਹਾਮਾਰੀ ਤੋਂ ਆਰਥਿਕ ਅਤੇ ਵਿੱਤੀ ਪ੍ਰਭਾਵ ਤੋਂ ਕੱਢਣ ਲਈ ਮਾਲੀਆ ਇਕੱਠਾ ਕਰਨ ਲਈ ਵਿੱਤੀ ਸੁਧਾਰਾਂ ਨੂੰ ਅੱਗੇ ਵਧਾਉਣਾ ਪਵੇਗਾ।

## ਐਮਨੈਸਟੀ ਨੇ ਖਾਤੇ ਜਾਮ ਕਰਨ ਦੇ ਦੋਸ਼ ਲਾ ਕੇ ਭਾਰਤ ਵਿੱਚ ਕੰਮ ਸਮੇਟਿਆ




ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਹੈ ਕਿ ਉਹ ਭਾਰਤ ’ਚ ਆਪਣੇ ਖਾਤੇ ਜਾਮ ਹੋਣ ਕਾਰਨ ਆਪਣੀਆਂ ਸਭ ਗਤੀਵਿਧੀਆਂ ਰੋਕ ਰਹੀ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਬੇਬੁਨਿਆਦ ਦੋਸ਼ਾਂ ਤਹਿਤ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਐਮਨੈਸਟੀ ਇੰਡੀਆ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਥੇਬੰਦੀ ਨੂੰ ਭਾਰਤ ਵਿੱਚ ਕਰਮਚਾਰੀ ਕੱਢਣ ਅਤੇ ਉਸ ਵੱਲੋਂ ਚਲਾਈਆਂ ਜਾਂਦੀਆਂ ਸਾਰੀਆਂ ਮੁਹਿੰਮਾਂ ਤੇ ਖੋਜ ਕਾਰਜ ਰੋਕ ਦੇਣ ਲਈ ਮਜਬੂਰ ਕੀਤਾ ਗਿਆ ਹੈ। ਉਨ੍ਹਾਂ ਕਿਹਾ, ‘ਭਾਰਤ ਸਰਕਾਰ ਨੇ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੇ ਬੈਂਕ ਖਾਤਿਆਂ ਨੂੰ ਪੂਰੀ ਤਰ੍ਹਾਂ ਜਾਮ ਕਰ ਦਿੱਤਾ ਹੈ, ਜਿਸ ਬਾਰੇ 10 ਸਤੰਬਰ 2020 ਨੂੰ ਪਤਾ ਲੱਗਾ ਹੈ। ਇਸ ਲਈ ਜਥੇਬੰਦੀ ਵੱਲੋਂ ਕੀਤੇ ਜਾਂਦੇ ਸਾਰੇ ਕੰਮਾਂ ਨੂੰ ਰੋਕ ਦਿੱਤਾ ਗਿਆ ਹੈ।’ ਸਰਕਾਰ ਨੇ ਕਿਹਾ ਹੈ ਕਿ ਐਮਨੈਸਟੀ ਨੂੰ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ੀ ਧਨ ਮਿਲਦਾ ਹੈ। ਇਸ ਜਥੇਬੰਦੀ ਦਾ ਦਾਅਵਾ ਹੈ ਕਿ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਅਤੇ ਹੋਰ ਮੁੱਖ ਮਨੁੱਖੀ ਅਧਿਕਾਰ ਜਥੇਬੰਦੀਆਂ, ਕਾਰਕੁੰਨਾਂ ਤੇ ਮਨੁੱਖੀ ਅਧਿਕਾਰ ਰੱਖਿਅਕਾਂ ਉੱਤੇ ਹਮਲੇ ਸਿਰਫ ਆਵਾਜ਼ ਦਬਾਉਣ ਵਾਲੀਆਂ ਸਰਕਾਰੀ ਨੀਤੀਆਂ ਹੇਠ ਅਤੇ ਸੱਚ ਬੋਲਣ ਵਾਲਿਆਂ ’ਤੇ ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਦਾ ਵਾਧਾ ਹੈ। ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਕਿਹਾ, ‘ਭਾਰਤ ਸਰਕਾਰ ਵੱਲੋਂ ਮਨੁੱਖੀ ਅਧਿਕਾਰ ਜਥੇਬੰਦੀਆਂ ਉੱਤੇ ਬੇਬੁਨਿਆਦ ਦੋਸ਼ ਲਾ ਕੇ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਦੀ ਲੜੀ ਵਿੱਚ ਇਹ ਨਵੀਂ ਘਟਨਾ ਹੈ।’ ਜਥੇਬੰਦੀ ਨੇ ਕਿਹਾ ਕਿ ਉਹ ਸਾਰੇ ਭਾਰਤੀ ਤੇ ਕੌਮਾਂਤਰੀ ਕਾਨੂੰਨਾਂ ਦਾ ਪੂਰੀ ਤਰ੍ਹਾਂ ਪਾਲਣ ਕਰਦੀ ਹੈ। ਵਰਨਣ ਯੋਗ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ 2018 ਵਿੱਚ ਬੰਗਲੌਰ ’ਚ ਐਮਨੈਸਟੀ ਇੰਟਰਨੈਸ਼ਨਲ ਦੇ ਮੁੱਖ ਦਫਤਰ ਦੀ ਤਲਾਸ਼ੀ ਲਈ ਸੀ। ਇਹ ਛਾਪੇ ਵਿਦੇਸ਼ੀ ਕਰੰਸੀ ਐਕਟ ਦੀ ਉਲੰਘਣਾ ਦੇ ਦੋਸ਼ ਹੇਠ ਮਾਰੇ ਗਏ ਸਨ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਐਮਨੈਸਟੀ ਐਨ ਜੀ ਓ ਖਿਲਾਫ ਈ ਡੀ ਵੱਲੋਂ ਕੋਈ ਵੀ ਜਾਂਚ ਨਹੀਂ ਕੀਤੀ ਜਾ ਰਹੀ, ਸਗੋਂ ਈ ਡੀ ਵੱਲੋਂ ਜਾਂਚ ਜਥੇਬੰਦੀ ਨਾਲ ਸਬੰਧਤ ਇੱਕ ਪ੍ਰਾਈਵੇਟ ਕੰਪਨੀ ਖਿਲਾਫ ਕੀਤੀ ਜਾ ਰਹੀ ਹੈ ਜਿਸ ਉਤੇ 51 ਕਰੋੜ ਰੁਪਏ ਤੋਂ ਵੱਧ ਦਾ ਵਿਦੇਸ਼ੀ ਚੰਦਾ ਗੈਰ ਕਾਨੂੰਨੀ ਢੰਗ ਨਾਲ ਲੈਣ ਦਾ ਦੋਸ਼ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਪ੍ਰਾਈਵੇਟ ਲਿਮਟਿਡ ਨੇ ਵਿਤੀ ਸਾਲ 2013-14 ਤੋਂ 2019-19 ਵਿਚਾਲੇ ਐਮਨੈਸਟੀ ਇੰਟਰਨੈਸ਼ਨਲ ਯੂ ਕੇ ਤੋਂ 51.72 ਕਰੋੜ ਰੁਪਏ ਦਾ ਵਿਦੇਸ਼ੀ ਚੰਦਾ ਹਾਸਲ ਕੀਤਾ ਸੀ ਅਤੇ ਇਸੇ ਕਾਰਨ ਐਮਨੈਸਟੀ ਇੰਡੀਆ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਅਤੇ ਇੰਡੀਅਨਜ਼ ਫਾਰ ਐਮਨੈਸਟੀ ਇੰਟਰਨੈਸ਼ਨਲ ਟਰੱਸਟ ਦੇ ਬੈਂਕ ਖਾਤੇ ਜਾਮ ਕੀਤੇ ਗਏ ਹਨ।

ਭਾਰਤ ਦੇ ਗ੍ਰਹਿ ਮੰਤਰਾਲੇ ਨੇ ਐਮਨੈਸਟੀ ਇੰਟਰਨੈਸ਼ਨਲ ਦੇ ਉਸ ਬਿਆਨ ਨੂੰ ਮੰਦਭਾਗਾ ਅਤੇ ਸੱਚਾਈ ਤੋਂ ਦੂਰ ਦੱਸਿਆ ਹੈ, ਜਿਸ ’ਚ ਉਸ ਨੇ ਕਿਹਾ ਹੈ ਕਿ ਉਸ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਮਨੁੱਖਤਾ ਲਈ ਕੰਮ ਕਰਨ ਅਤੇ ਸੱਤਾ ਨਾਲ ਸਿੱਧੀ ਗੱਲ ਕਰਨ ਬਾਰੇ ਦਿੱਤਾ ਗਿਆ ਬਿਆਨ ਹੋਰ ਕੁਝ ਨਹੀਂ, ਸਿਰਫ ਇਸ ਸੰਸਥਾ ਦਾ ਉਨ੍ਹਾਂ ਗਤੀਵਿਧੀਆਂ ਤੋਂ ਧਿਆਨ ਭਟਕਾਉਣ ਦਾ ਢੰਗ ਹੈ, ਜਿਹੜੀਆਂ ਭਾਰਤ ਵਿੱਚ ਕਾਨੂੰਨ ਦੀ ਉਲੰਘਣਾ ਕਰਦੀਆਂ ਹਨ। ਉਨ੍ਹਾਂ ਕਿਹਾ, ਇਨ੍ਹਾਂ ਬਿਆਨਾਂ ਦਾ ਮਕਸਦ ਪਿਛਲੇ ਕੁਝ ਸਾਲਾਂ ’ਚ ਕੀਤੀਆਂ ਬੇਨਿਯਮੀਆਂ ਤੇ ਗੈਰ ਕਾਨੂੰਨੀ ਗਤੀਵਿਧੀਆਂ ਦੀ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਪ੍ਰਭਾਵਤ ਕਰਨਾ ਹੈ।

## ਹਰਸਿਮਰਤ ਕੌਰ ਵਿਦੇਸ਼ੀ ਮਾਮਲਿਆਂ ਬਾਰੇ ਪਾਰਲੀਮੈਂਟਰੀ ਕਮੇਟੀ ਦੀ ਮੈਂਬਰ ਨਾਮਜ਼ਦ



ਨਵੀਂ ਦਿੱਲੀ, 1 ਅਕਤੂਬਰ (ਪੋਸਟ ਬਿਊਰੋ)- ਕਾਂਗਰਸੀ ਆਗੂ ਸ਼ਸ਼ੀ ਥਰੂਰ ਭਾਰਤੀ ਪਾਰਲੀਮੈਂਟ ਦੀ ਸੂਚਨਾ ਤਕਨੀਕ ਬਾਰੇ ਕਮੇਟੀ ਦੇ ਮੁਖੀ ਬਣੇ ਰਹਿਣਗੇ ਤੇ ਸਾਬਕਾ ਕੇਂਦਰੀ ਮੰਤਰੀ ਤੇ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ।

ਵਰਨਣ ਯੋਗ ਹੈ ਕਿ ਸ਼ਸ਼ੀ ਥਰੂਰ ਨੇ ਫੇਸਬੁੱਕ ਦੇ ਅਧਿਕਾਰੀਆਂ ਨੂੰ ਤਲਬ ਕੀਤਾ ਸੀ। ਉਨ੍ਹਾਂ ਜੰਮੂ ਕਸ਼ਮੀਰ ਵਿੱਚ 4ਜੀ ਇੰਟਰਨੈਟ ਸੇਵਾ ਬੰਦ ਕਰਨ ਦਾ ਮੁੱਦਾ ਵੀ ਉਠਾਇਆ ਸੀ ਤੇ ਕਮੇਟੀ ਦੇ ਭਾਜਪਾ ਮੈਂਬਰਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ ਸੀ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਜ ਸਭਾ ਦੇ ਚੇਅਰਮੈਨ ਐਮ ਵੈਂਕਈਆ ਨਾਇਡੂ ਨਾਲ ਤਾਲਮੇਲ ਕਰ ਕੇ ਕਈ ਪਾਰਲੀਮੈਂਟਰੀ ਕਮੇਟੀਆਂ ਨਵੇਂ ਸਿਰਿਉਂ ਗਠਿਤ ਕੀਤੀਆਂ ਹਨ। ਸ਼ਸ਼ੀ ਥਰੂਰ ਵੱਲੋਂ ਉਠਾਏ ਮੁੱਦਿਆਂ ਤੋਂ ਬਾਅਦ ਭਾਜਪਾ ਦੇ ਪਾਰਲੀਮੈਂਟਰ ਮੈਂਬਰਾਂ ਨੇ ਉਨ੍ਹਾਂ ਨੂੰ ਕਮੇਟੀ ਮੁਖੀ ਵਜੋਂ ਹਟਾਉਣ ਦੀ ਮੰਗ ਕੀਤੀ ਸੀ। ਥਰੂਰ ਤੋਂ ਇਲਾਵਾ ਕਈ ਹੋਰ ਕਾਂਗਰਸੀ ਆਗੂਆਂ ਨੂੰ ਵੀ ਪਾਰਲੀਮੈਂਟਰੀ ਕਮੇਟੀਆਂ ਦੇ ਮੁਖੀ ਵਜੋਂ ਬਰਕਰਾਰ ਰੱਖਿਆ ਗਿਆ ਹੈ ਭਾਵੇਂ ਉਹ ਸਰਕਾਰ ਦੀ ਨਿਖੇਧੀ ਕਰਦੇ ਰਹੇ ਹਨ। ਆਨੰਦ ਸ਼ਰਮਾ ਨੂੰ ਗ੍ਰਹਿ ਮਾਮਲਿਆ ਬਾਰੇ ਪਾਰਲੀਮੈਂਟਰੀ ਕਮੇਟੀ ਅਤੇ ਜੈਰਾਮ ਰਮੇਸ਼ ਨੂੰ ਵਾਤਾਵਰਣ ਤੇ ਵਿਗਿਆਨ ਅਤੇ ਤਕਨੀਕ ਬਾਰੇ ਪਾਰਲੀਮੈਂਟਰੀ ਕਮੇਟੀ ਦੇ ਮੁਖੀ ਰੱਖਿਆ ਗਿਆ ਹੈ।


ਫਾਰਮ ਵਿਚ ਕਾਮਿਆਂ ਦੀ ਲੋੜ

ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।

ਸੰਪਰਕ: 647 765 4145




# ਸਕੂਲ ਖੁੱਲ੍ਹਣ ’ਤੇ ਵਿਦਿਆਰਥੀਆਂ ਵਿੱਚ ਇਨਫੈਕਸ਼ਨ ਵਧੀ

ਲੰਡਨ, 1 ਅਕਤੂਬਰ (ਪੋਸਟ ਬਿਊਰੋ)- ਦੁਨੀਆ ’ਚ ਕੋਰੋਨਾ ਮਹਾਮਾਰੀ ਦੀ ਮਾਰ ਦੇ ਕਾਰਨ ਸਭ ਤੋਂ ਵੱਧ ਜੂਝ ਰਹੇ ਅਮਰੀਕਾ ਵਿੱਚ ਬੱਚਿਆਂ ਅਤੇ ਅੱਲ੍ਹੜਾਂ ’ਚ ਵੀ ਇਨਫੈਕਸ਼ਨ ਵਧ ਰਹੀ ਹੈ।



ਅਧਿਕਾਰੀਆਂ ਨੇ ਦੱਸਿਆ ਕਿ ਸਕੂਲ ਚਾਲੂ ਕਰਨ ਤੇ ਖੇਡ ਸਰਗਰਮੀਆਂ ਬਹਾਲ ਕੀਤੇ ਜਾਣ ਨਾਲ ਬੱਚਿਆਂ ਵਿੱਚ ਇਨਫੈਕਸ਼ਨ ਵੱਧ ਰਿਹਾ ਹੈ। ਅਮਰੀਕਾ ’ਚ ਅੱਜ ਤੱਕ ਮਿਲੇ ਕੁੱਲ 74 ਲੱਖ ਮਾਮਲਿਆਂ ਵਿੱਚੋਂ 10 ਫੀਸਦੀ ਬੱਚੇ ਹਨ। ਦੇਸ਼ ’ਚ ਦੋ ਲੱਖ 10 ਹਜ਼ਾਰ ਤੋਂ ਵੱਧ ਕੋਰੋਨਾ ਪੀੜਤਾਂ ਦੀ ਮੌਤ ਹੋਈ ਹੈ। ਅਮਰੀਕਨ ਅਕੈਡਮੀ ਆਫ ਪੀਡੀਐਟ੍ਰਿਕਸ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਕੁੱਲ ਮਾਮਲਿਆਂ ਵਿੱਚ ਹਰ ਉਮਰ ਦੇ ਬੱਚਿਆਂ ਦੀ ਗਿਣਤੀ ਵੱਧ ਕੇ 10 ਫੀਸਦੀ ਹੋ ਗਈ ਹੈ। ਲੰਘੀ ਅਪ੍ਰੈਲ ਵਿੱਚ ਇਹ ਅੰਕੜਾ ਸਿਰਫ ਦੋ ਫੀਸਦੀ ਸੀ।

ਇਹ ਸਮੱਸਿਆ ਸਿਰਫ ਅਮਰੀਕਾ ਵਿੱਚ ਨਹੀਂ, ਰੂਸ, ਸਿੰਗਾਪੁਰ ਅਤੇ ਹੋਰ ਕਈ ਦੇਸ਼ਾਂ ਵਿੱਚ ਵੀ ਸਾਹਮਣੇ ਆਈ ਹੈ, ਜਿੱਥੇ ਕੋਰੋਨਾ ਦੀ ਮਾਰ ਦੇ ਬਾਅਦ ਸਕੂਲ ਖੋਲ੍ਹੇ ਗਏ ਹਨ।

# ਬੇਲਾਰੂਸ ਦੇ ਰਾਸ਼ਟਰਪਤੀ, ਉਸ ਦੇ ਪੁੱਤਰ ਅਤੇ 7 ਹੋਰਾਂ ਦੇ ਯੂ ਕੇ ਦਾਖ਼ਲੇ ’ਤੇ ਪਾਬੰਦੀ


ਲੰਡਨ, 1 ਅਕਤੂਬਰ (ਪੋਸਟ ਬਿਊਰੋ)- ਬੇਲਾਰੂਸ ਦੇ ਰਾਸ਼ਟਰਪਤੀ ਅਲੈਕਜ਼ੈਂਡਰ ਲੁਕਾਸ਼ੇਂਕੋ ਦਾ ਵਿਰੋਧ ਕਰਦਿਆਂ ਕੈਨੇਡਾ ਅਤੇ ਬ੍ਰਿਟੇਨ ਦੋਹਾਂ ਦੇਸ਼ਾਂ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣ ਉੱਤੇ ਲੁਕਾਸ਼ੇਂਕੋ, ਉਨ੍ਹਾਂ ਦੇ ਬੇਟੇ ਤੇ ਸੱਤ ਉਚ ਅਧਿਕਾਰੀਆਂ ’ਤੇ ਪਾਬੰਦੀਆਂ ਲਾ ਦਿੱਤੀਆਂ ਹਨ। ਇਨ੍ਹਾਂ ਪਾਬੰਦੀਆਂ ਵਿੱਚ ਯਾਤਰਾ ਕਰਨ ਦੇ ਨਾਲ ਹੀ ਲੁਕਾਸ਼ੇਂਕੋ, ਉਨ੍ਹਾਂ ਦੇ ਬੇਟੇ ਵਿਕਟਰ ਲੁਕਾਸ਼ੇਂਕੋ ਤੇ ਸੱਤ ਹੋਰ ਅਧਿਕਾਰੀਆਂ ਦੀ ਜਾਇਦਾਦ ਜ਼ਬਤ ਕਰਨਾ ਵੀ ਸ਼ਾਮਲ ਹੈ।



ਅਸਲ ਵਿੱਚ ਬੇਲਾਰੂਸ ਵਿੱਚ ਵਿਵਾਦ ਗ੍ਰਸਤ ਰਾਸ਼ਟਰਪਤੀ ਵੱਲੋਂ ਚੋਣ ਦਾ ਵਿਰੋਧ ਕਰਦੇ ਪ੍ਰਦਰਸ਼ਨਕਾਰੀਆਂ ਨਾਲ ਗਲਤ ਵਿਹਾਰ ਕਰਨ ਕਰਕੇ ਬ੍ਰਿਟੇਨ ਅਤੇ ਕੈਨੇਡਾ ਨੇ ਇਹ ਪਾਬੰਦੀ ਲਾਈ ਹੈ। ਬਰਤਾਨੀਆ ਦੇ ਵਿਦੇਸ਼ ਮੰਤਰੀ ਡੋਮਿਨਿਕ ਰਾਬ ਨੇ ਕਿਹਾ ਕਿ ਯੂ ਕੇ ਅਤੇ ਕੈਨੇਡਾ ਨੇ ਪਾਬੰਦੀਆਂ ਲਾ ਕੇ ਲੁਕਾਸ਼ੇਂਕੋ ਦੇ ਹਿੰਸਕ ਅਤੇ ਫਰਜ਼ੀ ਸਾਸ਼ਨ ਨੂੰ ਸਾਫ ਸੰਦੇਸ਼ ਦਿੱਤਾ ਹੈ ਕਿ ਅਸੀਂ ਧੋਖਾ ਕਰਨ ਵਾਲੀਆਂ ਇਨ੍ਹਾਂ ਚੋਣਾਂ ਦੇ ਨਤੀਜੇ ਨੂੰ ਸਵੀਕਾਰ ਨਹੀਂ ਕਰਦੇ।

ਵਰਨਣ ਯੋਗ ਹੈ ਕਿ ਬੇਲਾਰੂਸ ਵਿੱਚ ਰਾਸ਼ਟਰਪਤੀ ਚੋਣਾਂ ਦੌਰਾਨ ਘੁਟਾਲਾ ਹੋਣ ਦਾ ਦੋਸ਼ ਹੈ, ਇਸ ਵਿੱਚ ਲੁਕਾਸ਼ੇਂਕੋ ਨੇ 80 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ। ਲੋਕਾਂ ਨੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ ਤਾਂ ਸਰਕਾਰ ਨੇ ਹਿੰਸਕ ਹੋ ਕੇ ਲੋਕਾਂ ਨੂੰ ਦਬਾਇਆ। ਇਸ ਪਿੱਛੋਂ ਉਨ੍ਹਾਂ ਲੋਕਾਂ ਨੂੰ ਰਾਸ਼ਟਰਪਤੀ ਨੇ ਸੋਨ ਤਗਮਿਆਂ ਨਾਲ ਸਨਮਾਨਿਤ ਕੀਤਾ, ਜਿਨ੍ਹਾਂ ਨੇ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਦਬਾਉਣ ਵਿੱਚ ਰਾਸ਼ਟਰਪਤੀ ਦੀ ਮਦਦ ਕੀਤੀ ਸੀ।

# ਮਾਡਲ ਵੱਲੋਂ ਅੱਖਾਂ ਵਿੱਚ ਟੈਟੂ ਬਣਵਾਉਣ ਕਾਰਨ ਅੱਖਾਂ ਦੀ ਰੋਸ਼ਨੀ ਖਤਮ



ਪੋਲੈਂਡ, 1 ਅਕਤੂਬਰ (ਪੋਸਟ ਬਿਊਰੋ)- ਪੋਲੈਂਡ ਵਿੱਚ 25 ਸਾਲਾ ਇੱਕ ਮਾਡਲ ਨੂੰ ਅੱਖਾਂ ਵਿੱਚ ਟੈਟੂ ਬਣਵਾਉਣਾ ਮਹਿੰਗਾ ਪੈ ਗਿਆ ਹੈ। ਡਾਕਟਰਾਂ ਨੇ ਦੱਸਿਆ ਕਿ ਮਾਡਲ ਅਲੈਗਜੈਂਡਰਾ ਸਡੋਵਸਕਾ ਦੀ ਇੱਕ ਅੱਖ ਦੀ ਰੋਸ਼ਨੀ ਪੂਰੀ ਤਰ੍ਹਾਂ ਜਾ ਚੁੱਕੀ ਹੈ ਅਤੇ ਉਸ ਦੀ ਦੂਸਰੀ ਅੱਖ ਦੀ ਵੀ ਰੋਸ਼ਨੀ ਜਾਣ ਦਾ ਸ਼ੱਕ ਹੈ।

ਦਰਅਸਲ ਮਾਡਲ ਆਰਟਿਸਟ ਪੋਪੇਕ ਦੀ ਤਰ੍ਹਾਂ ਆਈਬਾਲ ਟੈਟੂ ਬਣਵਾਉਣਾ ਚਾਹੁੰਦੀ ਸੀ। ਜਿਸ ਲਈ ਉਹ ਇੱਕ ਟੈਟੂ ਆਰਟਿਸਟ ਦੇ ਕੋਲ ਪਹੁੰਚੀ। ਆਈਬਾਲ ਟੈਟੂ ਬਣਾਉਂਦੇ ਸਮੇਂ ਆਰਟਿਸ ਤੋਂ ਇੱਕ ਗਲਤੀ ਹੋ ਗਈ। ਆਰਟਿਸਟ ਨੇ ਗਲਤ ਇੰਕ ਦਾ ਇਸਤੇਮਾਲ ਕਰ ਕੇ ਬਾਡੀ ਇੰਕ ਦਾ ਇਸਤੇਮਾਲ ਕੀਤਾ। ਇਸ ਦੌਰਾਨ ਮਾਡਲ ਨੂੰ ਦਰਦ ਵੀ ਹੋਇਆ। ਆਰਟਿਸਟ ਨੇ ਮਾਡਲ ਨੂੰ ਦਰਦ ਦੀ ਦਵਾਈ ਵੀ ਦਿੱਤੀ, ਪਰ ਬਾਅਦ ਵਿੱਚ ਪਤਾ ਲੱਗਾ ਕਿ ਉਸ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ। ਫਿਰ ਅਲੈਗਜੈਂਡਰਾ ਨੇ ਅੱਖਾਂ ਦੀ ਰੋਸ਼ਨੀ ਵਾਪਸ ਲਿਆਉਣ ਲਈ ਤਿੰਨ ਸਰਜਰੀਆਂ ਵੀ ਕਰਵਾਈਆਂ, ਪਰ ਰੋਸ਼ਨੀ ਵਾਪਸ ਨਹੀਂ ਆ ਸਕੀ। ਇਸ ਦੇ ਬਾਅਦ ਇਹ ਮਾਮਲਾ ਕੋਰਟ ਪਹੁੰਚਿਆ, ਜਿੱਥੇ ਕੋਰਟ ਨੇ ਟੈਟੂ ਆਰਟਿਸਟ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ।

# ਰਾਫੇਲ ਦੀ ਆਵਾਜ਼ ਨੇ ਪੈਰਿਸ ਵਿੱਚ ਤਰਥੱਲੀ ਮਚਾਈ



ਪੈਰਿਸ, 1 ਅਕਤੂਬਰ (ਪੋਸਟ ਬਿਊਰੋ)- ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਕੱਲ੍ਹ ਇੱਕ ਰਾਫੇਲ ਲੜਾਕੂ ਜਹਾਜ਼ ਵੱਲੋਂ ਸਾਊਂਡ ਬੈਰੀਅਰ ਤੋੜਨ (ਜ਼ਿਆਦਾ ਆਵਾਜ਼ ਕਰਨ) ਨਾਲ ਤਰਥੱਲੀ ਮਚ ਗਈ। ਲੋਕ ਆਪਣੇ ਘਰਾਂ ਦੀਆਂ ਬਾਲਕੋਨੀਆਂ ’ਚੋਂ ਨਿਕਲ ਕੇ ਅਸਮਾਨ ਵੱਲ ਦੇਖਣ ਲੱਗੇ। ਜਹਾਜ਼ ਨੂੰ ਇਸ ਤਰ੍ਹਾਂ ਨਾਲ ਤੇਜ਼ ਆਵਾਜ਼ ਕੱਢਦੇ ਹੋਏ ਉਡਦੇ ਦੇਖ ਕੇ ਫਰੈਂਚ ਓਪਨ ਦਾ ਟੈਨਿਸ ਮੈਚ ਰੁਕ ਗਿਆ, ਚਿੜੀਆਂ ਘਬਰਾ ਕੇ ਉਡਣ ਲੱਗੀਆਂ ਅਤੇ ਕਈ ਘਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਤਿੜਕ ਗਏ। ਘਬਰਾਏ ਲੋਕ ਐਮਰਜੈਂਸੀ ਸੇਵਾ ਨੂੰ ਫੋਨ ਕਰ ਕੇ ਤੇਜ਼ ਆਵਾਜ਼ ਦਾ ਕਾਰਨ ਪੁੱਛਣ ਲੱਗੇ ਤੇ ਸੋਸ਼ਲ ਮੀਡੀਆ ’ਤੇ ਡਰ ਨਾਲ ਭਰੇ ਮੈਸੇਜ ਚੱਲਣ ਲੱਗੇ।

ਬਾਅਦ ਵਿੱਚ ਫੌਜ ਦੇ ਬੁਲਾਰੇ ਕਰਨਲ ਸਟੀਫਨ ਸਪੇਟ ਨੇ ਦੱਸਿਆ ਕਿ ਸੇਂਟ ਡਿਜ਼ਾਇਰ ਵਿੱਚ ਤੈਨਾਤ ਰਾਫੇਲ ਲੜਾਕੂ ਜਹਾਜ਼ ਨੂੰ ਦੋ ਯਾਤਰੀ ਜਹਾਜ਼ਾਂ ਦੀ ਮਦਦ ਲਈ ਭੇਜਿਆ ਗਿਆ ਸੀ, ਜੋ ਆਪਣਾ ਸੰਪਰਕ ਗੁਆ ਬੈਠੇ ਸਨ। ਇਸੇ ਕਾਰਨ ਰਾਫੇਲ ਨੂੰ ਸਾਊਂਡ ਬੈਰੀਅਰ ਤੋੜਨ ਦੀ ਖੁੱਲ੍ਹ ਦਿੱਤੀ ਗਈ ਸੀ। ਤੇਜ਼ ਆਵਾਜ਼ ਨਾਲ ਯਾਤਰੀ ਜਹਾਜ਼ ਐਂਬਰੇਅਰ 145 ਅਤੇ ਫਾਲਕਨ 50 ਦੇ ਆਸਪਾਸ ਨਾਲ ਬੱਦਲਾਂ ਦਾ ਝੁੰਡ ਹਟਾਉਣ ਵਿੱਚ ਮਦਦ ਮਿਲੀ ਅਤੇ ਕੁਝ ਹੀ ਮਿੰਟਾਂ ਬਾਅਦ ਉਨ੍ਹਾਂ ਦਾ ਏਅਰ ਟਰੈਫਿਕ ਕੰਟਰੋਲ ਨਾਲ ਸੰਪਰਕ ਸਥਾਪਤ ਹੋ ਗਿਆ। ਫਾਲਕਨ ਪੰਜਾਹ ਬਰਾਜੀਲ ਦੀ ਕੰਪਨੀ ਦਾ ਜਹਾਜ਼ ਸੀ, ਜੋ ਫਰਾਂਸ ਦੇ ਕੇਪ ਵਰਡ ਤੋਂ ਬ੍ਰਸੇਲਸ ਜਾ ਰਿਹਾ ਸੀ, ਜਦ ਕਿ ਐਂਬਰੇਅਰ 145 ਸਥਾਨਕ ਉਡਾਣ ’ਤੇ ਸੀ।

# ਕੁਵੈਤ ਵਿੱਚ ਸ਼ੇਖ਼ ਨਵਾਫ ਅਲ ਅਹਿਮਦ ਨਵੇਂ ਅਮੀਰ ਬਣੇ


ਦੁਬਈ, 1 ਅਕਤੂਬਰ (ਪੋਸਟ ਬਿਊਰੋ)- ਕੁਵੈਤ ’ਚ ਬੁੱਧਵਾਰ ਨੂੰ ਸ਼ੇਖ਼ ਅਲ ਅਹਿਮਦ ਅਲ ਸਬਾ ਨੇ ਨਵੇਂ ਅਮੀਰ ਦਾ ਅਹੁਦਾ ਸੰਭਾਲ ਲਿਆ ਹੈ। ਸ਼ੇਖ਼ ਨਵਾਫ ਨੇ ਲੰਮੇ ਸਮੇਂ ਤੱਕ ਫੌਜਾਂ ’ਚ ਕੰਮ ਕੀਤਾ ਹੋਇਆ ਹੈ। ਉਨ੍ਹਾਂ ਆਪਣੇ ਮਤਰੇਏ ਭਰਾ ਸ਼ੇਖ਼ ਸਬਾ ਅਲ ਅਹਿਮਦ ਅਲ ਸਬਾ ਦੇ ਦਿਹਾਂਤ ਤੋਂ ਬਾਅਦ ਛੋਟੇ ਜਿਹੇ ਤੇਲ ਸਾਧਨਾਂ ਨਾਲ ਭਰਪੂਰ ਇਸ ਦੇਸ਼ ਦੇ ਅਮੀਰ ਦਾ ਅਹੁਦਾ ਸੰਭਾਲਿਆ ਹੈ। ਕੁਵੈਤ ’ਚ ਅਮੀਰ ਹੀ ਦੇਸ਼ ਦਾ ਮੁਖੀ ਤੇ ਪ੍ਰਸ਼ਾਸਨ ਦਾ ਪ੍ਰਧਾਨ ਹੁੰਦਾ ਹੈ।



83 ਸਾਲਾ ਸ਼ੇਖ਼ ਨਵਾਫ ਤੋਂ ਆਸ ਨਹੀਂ ਕੀਤੀ ਜਾ ਰਹੀ ਕਿ ਉਹ ਆਪਣੇ ਸ਼ੇਖ਼ ਸਬਾ ਵਾਂਗ ਕੂਟਨੀਤਕ ਰਸਤਾ ਫੜ ਕੇ ਸ਼ਾਸਨ ਚਲਾਉਣਗੇ। ਫਰਵਰੀ 2006 ਤੋਂ ਕਰਾਊਨ ਪ੍ਰਿੰਸ ਦਾ ਅਹੁਦਾ ਸੰਭਾਲ ਰਹੇ ਸ਼ੇਖ਼ ਨਵਾਫ ਦੀ ਕਦੇ ਵੀ ਕਿਸੇ ਸਿਆਸੀ ਫੈਸਲੇ ’ਚ ਅਹਿਮ ਭੂਮਿਕਾ ਨਹੀਂ ਰਹੀ। ਉਹ ਸ਼ਾਂਤੀ ਨਾਲ ਕੰਮ ਕਰਨ ’ਚ ਭਰੋਸਾ ਰੱਖਦੇ ਹਨ। ਫਿਲਹਾਲ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਦੇਸ਼ ਦੇ ਅਰਥਚਾਰੇ ਦੀ ਵਿਗੜਦੀ ਸਿਹਤ ਨੂੰ ਸੁਧਾਰਨ ਦੀ ਹੈ। ਇੰਤਜ਼ਾਰ ਹੋ ਰਿਹਾ ਹੈ ਨਵੇਂ ਕਰਾਊਨ ਪ੍ਰਿੰਸ (ਯੁਵਰਾਜ) ਦੀ ਤਾਜਪੋਸ਼ੀ ਦਾ। ਇਸ ਬਾਰੇ ਮੰਨਿਆ ਜਾ ਰਿਹਾ ਹੈ ਕਿ ਗੁਆਂਢੀ ਅਰਬ ਮੁਲਕਾਂ ਵਾਂਗ ਕੁਵੈਤ ’ਚ ਵੀ ਕਰਾਊਨ ਪ੍ਰਿੰਸ ਦੀ ਸੱਤਾ ਚਲਾਉਣ ਵਿੱਚ ਅਹਿਮ ਭੂਮਿਕਾ ਹੋਵੇਗੀ। ਮਰਹੂਮ ਸ਼ੇਖ਼ ਸਬਾ (91) ਦਾ ਕੁਝ ਘੰਟੇ ਪਹਿਲਾਂ ਅਮਰੀਕਾ ਦੇ ਸਿਨੇਸੋਟਾ ਸਥਿਤ ਹਸਪਤਾਲ ਵਿੱਚ ਦਿਹਾਂਤ ਹੋਇਆ।

# ਅਮਰੀਕੀ ਇੰਟੈਲੀਜੈਂਸ ਦੇ ਮੁਖੀ ਵੱਲੋਂ ਰੂਸ ਬਾਰੇ ਖੁਫੀਆ ਮੁਲੰਕਣ ਰਿਪੋਰਟ ਜਾਰੀ

ਸਾਨਫਰਾਂਸਿਸਕੋ, 1 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਜੌਨ ਰੈਡਕਲਿਫ ਨੇ ਇੱਕ ਕੇਸ ’ਚ ਰੂਸ ਦੀ ਖੁਫੀਆ ਮੁਲਾਂਕਣ ਰਿਪੋਰਟ ਜਨਤਕ ਕਰ ਦਿੱਤੀ ਹੈ, ਜਿਸ ਨੂੰ ਡੈਮੋਕ੍ਰੇਟਸ ਪਾਰਟੀ ਅਤੇ ਰਿਪਬਲੀਕਨਜ਼ ਵੱਲੋਂ ਸੈਨੇਟ ਇੰਟੈਲੀਜੈਂਸ ਕਮੇਟੀ ਨੇ ਪਹਿਲਾਂ ਹੀ ਰੱਦ ਕਰ ਦਿੱਤਾ ਸੀ।



ਸੈਨੇਟ ਦੀ ਜੁਡੀਸ਼ਲ ਕਮੇਟੀ ਦੇ ਚੇਅਰਮੈਨ ਲਿੰਡਸੇ ਗ੍ਰਾਹਮ, ਜਿਹੜੇ ਡੈਮੋਕਰੇਟਕ ਪਾਰਟੀ ਵੱਲੋਂ ਸਨ, ਨੇ ਜਾਰੀ ਕੀਤੇ ਗਏ ਇਸ ਖੁਲਾਸੇ ਬਾਰੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਨਾਕਾਮ ਦਾਅਵੇ ਨੂੰ ਉਤਸ਼ਾਹਿਤ ਕਰਨ ਲਈ ਇਸ ਕਦਮ ਨੇ ਪ੍ਰਭਾਵਸ਼ਾਲੀ ਢੰਗ ਨਾਲ ਜਨਤਕ ਖੇਤਰ ਵਿੱਚ ਰੂਸੀ ਵਿਤਕਰੇ ਨੂੰ ਪੈਦਾ ਕੀਤਾ ਹੈ ਕਿ 2016 ਦੀਆਂ ਚੋਣਾਂ ਵਿੱਚ ਰੂਸ ਦੇ ਦਖ਼ਲ ਦੀ ਜਾਂਚ ਕੀਤੀ ਜਾਵੇ। ਸੈਨੇਟ ਇੰਟੈਲੀਜੈਂਸ ਕਮੇਟੀ ਦੇ ਉਪ ਚੇਅਰਮੈਨ ਮਾਰਕ ਵਾਰਨਕ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਮੇਰੇ ਲਈ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਚੋਣ ਤੋਂ 35 ਦਿਨ ਪਹਿਲਾਂ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਪ੍ਰਵਾਨਿਤ ਨਾ ਕੀਤੇ ਗਏ ਰੂਸੀ ਮਸਲੇ ਨੂੰ ਜਾਰੀ ਕਰ ਰਹੇ ਹਨ। ਕਈ ਸਾਬਕਾ ਸੀਨੀਅਰ ਖੁਫੀਆ ਅਧਿਕਾਰੀਆਂ ਨੇ ਰੈਡਕਲਿਫ ਦੇ ਇਸ ਕਦਮ ਨੂੰ ਧੱਕੇਸ਼ਾਹੀ ਵਾਲਾ ਅਤੇ ਗੈਰ ਜ਼ਿੰਮੇਵਾਰਾਨਾ ਦੱਸਿਆ, ਜਿਵੇਂ ਉਹ ਜਨਤਕ ਤੌਰ ਤੇ ਅਣ-ਪ੍ਰਮਾਣਿਤ ਜਾਣਕਾਰੀ ਨੂੰ ਜਾਰੀ ਕਰ ਰਿਹਾ ਹੈ ਜੋ ਵਿਦੇਸ਼ੀ ਦੁਸ਼ਮਣ ਨਾਲ ਸਬੰਧਤ ਹੈ। ਗ੍ਰਾਹਮ ਦੀ ਕਮੇਟੀ ਐਫ ਬੀ ਆਈ ਦੇ ਸਾਬਕਾ ਡਾਇਰੈਕਟਰ ਜੇਮਜ ਕੌਮੇ ਤੋਂ ਪੁੱਛਗਿੱਛ ਕਰੇਗੀ। ਗ੍ਰਾਹਮ ਨੇ ਇਹ ਵੀ ਐਲਾਨ ਕੀਤਾ ਕਿ ਸਾਬਕਾ ਡਿਪਟੀ ਐਫ ਬੀ ਆਈ ਡਾਇਰੈਕਟਰ ਐਂਡਰਿਊ ਮੈਕੇਬ ਅਗਲੇ ਹਫ਼ਤੇ ਪੈਨਲ ਅੱਗੇ ਗਵਾਹੀ ਦੇਣਗੇ। ਰਾਸ਼ਟਰਪਤੀ ਦਾ ਵੱਡਾ ਬੇਟਾ ਡੋਨਾਲਡ ਟਰੰਪ ਜੂਨੀਅਰ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੇ ਇਸ ਖੁਲਾਸੇ ’ਤੇ ਚਾਨਣਾ ਪਾਇਆ ਅਤੇ ਟਵਿੱਟਰ ’ਤੇ ਲਿਖਿਆ ਕਿ ਰੂਸ ਦੀ ਧੋਖਾਧੜੀ ਹਿਲੇਰੀ ਦੀ ਯੋਜਨਾ ਸੀ ਅਤੇ ਓਬਾਮਾ-ਬਿਡੇਨ ਵਾਈਟ ਹਾਊਸ ਨੂੰ ਇਸ ਬਾਰੇ ਸੰਖੇਪ ਵਿੱਚ ਦੱਸਿਆ ਗਿਆ ਸੀ।





FRESH & LARGE VARIETY

Bread , Derry & Eggs

Branded Foods

Fruits & Vegetables

Beverages & Confectionery

Grocery & Staples

Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਲਿਬਰਲਾਂ ਤੇ ਐਨਡੀਪੀ ਦਰਮਿਆਨ ਡੀਲ ਸਿਰੇ ਚੜ੍ਹੀ, ਚੋਣਾਂ ਟਲੀਆਂ



ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੌਰਾਨ ਵਰਕਰਜ਼ ਦੀ ਸਹਾਇਤਾ ਬਦਲੇ ਲਿਬਰਲ ਸਰਕਾਰ ਨੂੰ ਸਮਰਥਨ ਦੇਣ ਵਾਸਤੇ ਐਨਡੀਪੀ ਆਖਿਰਕਾਰ ਤਿਆਰ ਹੋ ਹੀ ਗਈ। ਇਸ ਨਾਲ ਰਾਜ ਭਾਸ਼ਣ ਤੋਂ ਬਾਅਦ ਜਿਸ ਭਰੋਸੇ ਦੇ ਵੋਟ ਦੀ ਲਿਬਰਲਾਂ ਨੂੰ ਲੋੜ ਸੀ ਉਹ ਉਨ੍ਹਾਂ ਨੂੰ ਹਾਸਲ ਹੋ ਜਾਵੇਗਾ।


ਐਨਡੀਪੀ ਆਗੂ ਜਗਮੀਤ ਸਿੰਘ ਨੇ ਇਸ ਡੀਲ ਨੂੰ ਇਤਿਹਾਸਕ ਦੱਸਿਆ ਤੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਬਿੱਲ ਸੀ-2 ਵਿੱਚ ਜਿਨ੍ਹਾਂ ਤਬਦੀਲੀਆਂ ਦੀ ਮੰਗ ਕੀਤੀ ਗਈ ਹੈ ਉਸ ਨਾਲ ਕਈ ਮਿਲੀਅਨ ਕੈਨੇਡੀਅਨਜ਼ ਦਾ ਭਲਾ ਹੋਵੇਗਾ ਤੇ ਉਨ੍ਹਾਂ ਨੂੰ ਦੋ ਹਫਤੇ ਦੀ ਪੇਡ ਸਿੱਕ ਲੀਵ ਮਿਲ ਸਕਿਆ ਕਰੇਗੀ। ਨਹੀਂ ਤਾਂ ਇਸ ਦੀ ਥਾਂ ਉੱਤੇ ਸਰਕਾਰ ਦੇ ਅਸਲ ਪ੍ਰਸਤਾਵ ਵਿੱਚ ਕੁੱਝ ਕੁ ਕੈਨੇਡੀਅਨਾਂ ਦਾ ਹੀ ਭਲਾ ਹੋਣਾ ਸੀ।

ਸ਼ੁੱਕਰਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਨਿਊਜ਼ ਕਾਨਫਰੰਸ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਕੈਨੇਡਾ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਸਾਡੇ ਕੋਲ ਪੇਡ ਸਿੱਕ ਲੀਵ ਲਈ ਅਜਿਹਾ ਫੈਡਰਲ ਪ੍ਰੋਗਰਾਮ ਹੈ। ਉਨ੍ਹਾਂ ਆਖਿਆ ਕਿ ਸਾਨੂੰ ਪੂਰੀ ਆਸ ਹੈ ਕਿ ਇਹ ਪਰਮਾਨੈਂਟ ਪ੍ਰੋਗਰਾਮ ਕਾਇਮ ਕਰਨ ਵੱਲ ਪਹਿਲਾ ਕਦਮ ਹੈ ਜੋ ਕਿ ਸਾਡੇ ਕੈਨੇਡੀਅਨ ਸੋਸ਼ਲ ਸੇਫਟੀ ਨੈੱਟ ਦਾ ਹਿੱਸਾ ਹੋਣਾ ਚਾਹੀਦਾ ਹੈ।

ਜਗਮੀਤ ਸਿੰਘ ਨੇ ਉਨ੍ਹਾਂ ਤਬਦੀਲੀਆਂ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਜਿਨ੍ਹਾਂ ਸਦਕਾ ਉਨ੍ਹਾਂ ਐਨੀ ਵੱਡੀ ਪ੍ਰਾਪਤੀ ਕੀਤੀ ਹੈ। ਉਨ੍ਹਾਂ ਆਖਿਆ ਕਿ ਸੋਮਵਾਰ ਨੂੰ ਜਦੋਂ ਹਾਊਸ ਆਫ ਕਾਮਨਜ਼ ਵਿੱਚ ਰਸਮੀ ਤੌਰ ਉੱਤੇ ਇਹ ਬਿੱਲ ਪੇਸ਼ ਕੀਤਾ ਜਾਵੇਗਾ ਉਦੋਂ ਹੀ ਇਹ ਸੱਭ ਦੇ ਸਾਹਮਣੇ ਆਉਣਗੀਆਂ।

ਐਨਡੀਪੀ ਨੇ ਆਖਿਆ ਕਿ ਉਹ ਹਾਊਸ ਆਫ ਕਾਮਨਜ਼ ਵਿੱਚ ਇਸ ਬਿੱਲ ਨੂੰ ਜਲਦ ਤੋਂ ਜਲਦ ਪਾਸ ਕਰਵਾਉਣ ਦੀ ਕੋਸ਼ਿਸ਼ ਕਰਨਗੇ ਤੇ ਰਾਜ ਭਾਸ਼ਣ ਦਾ ਸਮਰਥਨ ਵੀ ਕਰਨਗੇ।

# ਸੀ ਈ ਆਰ ਬੀ ਪ੍ਰੋਗਰਾਮ ਮੁੱਕਿਆ: ਹੁਣ ਸੀ ਈ ਆਰ ਬੀ ਦੀ ਥਾਂ ਲਵੇਗੀ ਇੰਪਲਾਇਮੈਂਟ ਇੰਸ਼ੋਰੈਂਸ




ਓਟਵਾ, 1 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੌਰਾਨ ਵਿੱਤੀ ਤੌਰ ਉੱਤੇ ਕੈਨੇਡੀਅਨਾਂ ਦੀ ਮਦਦ ਲਈ ਸ਼ੁਰੂ ਕੀਤਾ ਗਿਆ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ (ਸੀ ਈ ਆਰ ਬੀ) ਪ੍ਰੋਗਰਾਮ ਐਤਵਾਰ ਨੂੰ ਮੁੱਕ ਗਿਆ।

6 ਅਪਰੈਲ ਨੂੰ ਸ਼ੁਰੂ ਹੋਏ ਇਸ ਫੈਡਰਲ ਇਨਕਮ ਅਸਿਸਟੈਂਸ ਪ੍ਰੋਗਰਾਮ ਤਹਿਤ 8.5 ਮਿਲੀਅਨ ਕੈਨੇਡੀਅਨਜ਼ ਨੂੰ ਮਹੀਨੇ ਦੇ 2000 ਡਾਲਰ (ਪ੍ਰਤੀ ਵਿਅਕਤੀ) ਮੁਹੱਈਆ ਕਰਵਾਏ ਗਏ। ਇਸ ਦੀ ਥਾਂ ਉੱਤੇ ਹੁਣ ਇੰਪਲਾਇਮੈਂਟ ਇੰਸ਼ੋਰੈਂਸ (ਈਆਈ) ਹੀ ਬਹੁ ਗਿਣਤੀ ਕੈਨੇਡੀਅਨਾਂ ਦਾ ਬੁੱਤਾ ਸਾਰੇਗੀ। ਜਿਸ ਕਿਸੇ ਨੇ ਵੀ ਸੀ ਈ ਆਰ ਬੀ ਲਈ ਅਪਲਾਈ ਕੀਤਾ ਹੈ ਤੇ ਸਰਵਿਸ ਕੈਨੇਡਾ ਰਾਹੀਂ ਇਸ ਨੂੰ ਹਾਸਲ ਕੀਤਾ ਹੈ ਉਸ ਨੂੰ ਹੁਣ ਆਟੋਮੈਟਿਕਲੀ ਇੰਪਲਾਇਮੈਂਟ ਇੰਸ਼ੋਰੈਂਸ ਹਾਸਲ ਹੋਵੇਗੀ। ਜੇ ਕਿਸੇ ਨੇ ਸੀਆਰਏ ਰਾਹੀਂ ਸੀ ਈ ਆਰ ਬੀ ਲਈ ਅਪਲਾਈ ਕੀਤਾ ਤੇ ਇਸ ਨੂੰ ਹਾਸਲ ਕੀਤਾ ਸੀ ਉਸ ਨੂੰ ਨਵੇਂ ਸਿਰੇ ਤੋਂ ਈ ਆਈ ਲਈ ਅਪਲਾਈ ਕਰਨਾ ਹੋਵੇਗਾ। ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਇਸ ਦੀ ਪਹਿਲੀ ਅਦਾਇਗੀ 11 ਅਕਤੂਬਰ ਤੋਂ ਹੋਣੀ ਸ਼ੁਰੂ ਹੋਵੇਗੀ ਤੇ 14 ਅਕਤੂਬਰ ਤੱਕ 80 ਫੀ ਸਦੀ ਨੂੰ ਅਦਾਇਗੀਆਂ ਹੋਣ ਦੀ ਸੰਭਾਵਨਾ ਹੈ। ਬਾਕੀ ਰਹਿੰਦੇ 10 ਫੀ ਸਦੀ ਕੈਨੇਡੀਅਨਾਂ ਨੂੰ ਅਗਲੇ ਦੋ ਹਫਤਿਆਂ ਵਿੱਚ ਇਸ ਦੀਆਂ ਅਦਾਇਗੀਆਂ ਹੋਣ ਦੀ ਉਮੀਦ ਹੈ।

# ਕੋਵਿਡ 19 ਆਊਟਬ੍ਰੇਕ ਤੋਂ ਬਾਅਦ ਮੇਸਨ ਰੋਡ ਸਕੂਲ ਕੀਤਾ ਗਿਆ ਬੰਦ



ਟੋਰਾਂਟੋ, 1 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀ ਡੀ ਐਸ ਬੀ) ਦਾ ਕਹਿਣਾ ਹੈ ਕਿ ਟੋਰਾਂਟੋ ਪਬਲਿਕ ਹੈਲਥ (ਟੀ ਪੀ ਐਚ) ਨੇ ਸਕਾਰਬੌਰੋ ਵਿੱਚ ਮੇਸਨ ਰੋਡ ਜੂਨੀਅਰ ਪਬਲਿਕ ਸਕੂਲ ਵਿਖੇ ਕੋਵਿਡ-19 ਆਊਟਬ੍ਰੇਕ ਐਲਾਨ ਦਿੱਤੀ ਹੈ। ਕਿੰਗਸਟਨ ਰੋਡ ਤੇ ਐਗਲਿੰਟਨ ਐਵਨਿਊ ਈਸਟ ਨੇੜੇ 78 ਮੇਸਨ ਰੋਡ ਉੱਤੇ ਸਥਿਤ ਇਸ ਸਕੂਲ ਨੂੰ ਇਸ ਪੂਰਾ ਹਫਤਾ ਬੰਦ ਰੱਖਣ ਲਈ ਆਖਿਆ ਗਿਆ ਹੈ ਤੇ ਇਸ ਦੌਰਾਨ ਟੀ ਪੀ ਐਚ ਵੱਲੋਂ ਜਾਂਚ ਕੀਤੀ ਜਾਵੇਗੀ। ਇਹ ਜਾਣਕਾਰੀ ਬੋਰਡ ਵੱਲੋਂ ਐਤਵਾਰ ਸ਼ਾਮ ਨੂੰ ਟਵੀਟ ਕਰਕੇ ਦਿੱਤੀ ਜਾਵੇਗੀ। ਸਕੂਲ ਬੋਰਡ ਦੇ ਕੋਵਿਡ-19 ਐਡਵਾਈਜ਼ਰੀ ਪੇਜ ਅਨੁਸਾਰ ਇਸ ਸਕੂਲ ਦੇ ਇੱਕ ਵਿਦਿਆਰਥੀ ਤੇ ਤਿੰਨ ਅਮਲਾ ਮੈਂਬਰਾਂ ਨੂੰ ਕੋਵਿਡ-19 ਹੋਣ ਦੀ ਪੁਸ਼ਟੀ ਹੋਈ। ਬੋਰਡ ਦਾ ਕਹਿਣਾ ਹੈ ਕਿ ਸਕੂਲ ਕਮਿਊਨਿਟੀ ਨੂੰ ਪਹਿਲਾਂ ਹੀ ਇਸ ਸਬੰਧੀ ਜਾਣਕਾਰੀ ਦੇ ਦਿੱਤੀ ਗਈ ਹੈ। ਮਾਪਿਆਂ ਨੂੰ ਭੇਜੇ ਪੱਤਰ ਵਿੱਚ ਆਖਿਆ ਗਿਆ ਕਿ ਆਊਟਬ੍ਰੇਕ ਉਸ ਸਮੇਂ ਐਲਾਨੀ ਗਈ ਜਦੋਂ ਘੱਟੋ ਘੱਟ ਦੋ ਕੇਸਾਂ ਦੀ ਪੁਸ਼ਟੀ ਹੋ ਗਈ। ਟੀਡੀਐਸਬੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਾਰੇ ਵਿਦਿਆਰਥੀ ਤੇ ਸਟਾਫ ਮੈਂਬਰ 2 ਅਕਤੂਬਰ ਤੱਕ ਸੈਲਫ ਆਈਸੋਲੇਸ਼ਨ ਵਿੱਚ ਰਹਿਣ।

# ਕੋਵਿਡ-19 ਦੀ ਦੂਜੀ ਵੇਵ ਪਹਿਲਾਂ ਨਾਲੋਂ ਵੀ ਹੋ ਸਕਦੀ ਹੈ ਖਤਰਨਾਕ : ਫੋਰਡ

ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਫੋਰਡ ਸਰਕਾਰ ਦਾ ਕਹਿਣਾ ਹੈ ਕਿ ਕੋਵਿਡ-19 ਦੀ ਦੂਜੀ ਵੇਵ ਆ ਚੁੱਕੀ ਹੈ ਤੇ ਅਸੀਂ ਹਰ ਪੱਖ ਖੁੱਲ੍ਹਾ ਰੱਖ ਕੇ ਚੱਲ ਰਹੇ ਹਾਂ। ਫੋਰਡ ਨੇ ਆਖਿਆ ਕਿ ਹੁਣ ਕੇਸਾਂ ਵਿੱਚ ਤੇਜ਼ੀ ਨਾਲ ਇਜਾਫਾ ਹੋ ਰਿਹਾ ਹੈ ਤੇ ਅਜਿਹਾ ਲੱਗਦਾ ਹੈ ਕਿ ਇਹ ਪਹਿਲਾਂ ਵਾਲੇ ਗੇੜ ਨਾਲੋਂ ਵੀ ਖਤਰਨਾਕ ਹੋਵੇਗੀ।

ਪ੍ਰੋਵਿੰਸ ਵੱਲੋਂ 700 ਨਵੀਆਂ ਇਨਫੈਕਸ਼ਨਜ਼ ਰਿਕਾਰਡ ਕੀਤੇ ਜਾਣ ਤੋਂ ਬਾਅਦ ਫੋਰਡ ਨੇ ਸੋਮਵਾਰ ਨੂੰ ਆਖਿਆ ਕਿ ਸਾਨੂੰ ਹਾਲ ਦੀ ਘੜੀ ਇਹ ਨਹੀਂ ਪਤਾ ਕਿ ਇਹ ਵੇਵ ਕਿੰਨੀ ਮਾੜੀ ਹੋ ਸਕਦੀ ਹੈ। ਇਸ ਮੌਕੇ ਡਾ. ਡੇਵਿਡ ਵਿਲੀਅਮ ਨੇ ਆਖਿਆ ਕਿ ਭਾਵੇਂ ਅਸੀਂ ਸੈਕਿੰਡ ਵੇਵ ਵਿੱਚ ਹਾਂ ਪਰ ਸਵਾਲ ਇਹ ਹੈ ਕਿ ਇਹ ਕਿਸ ਕਿਸਮ ਦੀ ਵੇਵ ਹੈ? ਸਾਨੂੰ ਇਸ ਬਾਰੇ ਇਹ ਵੀ ਨਹੀਂ ਪਤਾ ਕਿ ਇਹ ਕਿੰਨੀ ਵੱਡੀ ਹੋ ਸਕਦੀ ਹੈ। ਇਹ ਸੁਨਾਮੀ ਵਰਗੀ ਸੈਕਿੰਡ ਵੇਵ ਨਹੀਂ ਹੈ ਪਰ ਅਸੀਂ ਇਹ ਨਜ਼ਰ ਰੱਖ ਰਹੇ ਹਾਂ ਕਿ ਇਹ ਸਾਡੇ ਸਿਸਟਮ ਉੱਤੇ ਕਿਹੋ ਜਿਹਾ ਅਸਰ ਪਾਵੇਗੀ। ਇਸ ਵਾਰੀ ਸਾਡੀ ਤਿਆਰੀ ਪਹਿਲਾਂ ਨਾਲੋਂ ਜ਼ਿਆਦਾ ਹੈ। ਅਸੀਂ ਪਹਿਲਾਂ ਵਾਂਗ ਹੀ ਇਸ ਨੂੰ ਵੀ ਠੱਲ੍ਹ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਹਾਂ।

# 3700 ਹੈਲਥਕੇਅਰ ਵਰਕਰਜ਼ ਰਕਰੂਟ ਕਰਨ ਲਈ 52 ਮਿਲੀਅਨ ਨਿਵੇਸ਼ ਕਰੇਗਾ ਓਨਟਾਰੀਓ




ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਸਬੰਧੀ ਸੰਭਾਵੀ ਸੈਕਿੰਡ ਵੇਵ ਦੇ ਮੱਦੇਨਜ਼ਰ ਓਨਟਾਰੀਓ 3700 ਵਾਧੂ ਹੈਲਥਕੇਅਰ ਵਰਕਰਜ਼ ਤੇ ਕੇਅਰਗਿਵਰਜ਼ ਨੂੰ ਰਕਰੂਟ ਕਰਨ ਤੇ ਟਰੇਨਿੰਗ ਦੇਣ ਲਈ 52 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗਾ। ਇਹ ਐਲਾਨ ਪ੍ਰੀਮੀਅਰ ਡੱਗ ਫੋਰਡ ਵੱਲੋਂ ਕੀਤਾ ਗਿਆ।

ਸੋਮਵਾਰ ਨੂੰ ਫੋਰਡ ਨੇ ਆਖਿਆ ਕਿ ਇਸ ਫੰਡਿੰਗ ਨਾਲ 800 ਹੋਰ ਨਰਸਾਂ ਤੇ 600 ਐਕਿਊਟ ਕੇਅਰ ਨਰਸਾਂ ਤੋਂ ਇਲਾਵਾ 2000 ਪਰਸਨਲ ਸਪੋਰਟ ਵਰਕਰਜ਼ ਨੂੰ ਰਕਰੂਟ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲਾਂਗ ਟਰਮ ਕੇਅਰ ਹੋਮਜ਼ ਤੇ ਹੋਰਨਾਂ ਕਮਿਊਨਿਟੀ ਕੇਅਰ ਸੈਟਿੰਗਜ਼ ਵਿੱਚ ਕੰਮ ਕਰਨ ਲਈ ਪਰਸਨਲ ਸਪੋਰਟ ਵਰਕਰਜ਼ ਦੀ ਟਰੇਨਿੰਗ ਉੱਤੇ ਪ੍ਰੋਵਿੰਸ ਵਾਧੂ 14 ਮਿਲੀਅਨ ਡਾਲਰ ਖਰਚ ਕਰੇਗੀ। ਇਸ ਯੋਜਨਾ ਤਹਿਤ ਅਰਜੈਂਟ ਲੋੜਾਂ ਸਬੰਧੀ ਮਰੀਜ਼ਾਂ ਨਾਲ ਘੱਟ ਤੋਂ ਘੱਟ ਛੇ ਮਹੀਨੇ ਲਈ ਕੰਮ ਕਰਨ ਵਾਸਤੇ ਨਵੇਂ ਰੰਗਰੂਟਾਂ ਨੂੰ 5000 ਡਾਲਰ ਇਨਸੈਂਟਿਵ ਵੀ ਦਿੱਤਾ ਜਾਵੇਗਾ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਓਨਟਾਰੀਓ ਦੇ ਮੈਚਿੰਗ ਪੋਰਟਲ, ਜਿਸ ਨੂੰ ਅਪਰੈਲ ਵਿੱਚ ਲਾਂਚ ਕੀਤਾ ਗਿਆ ਸੀ, ਵਿੱਚ ਸੁਧਾਰ ਕਰਨ ਲਈ ਪ੍ਰੋਵਿੰਸ 200,000 ਡਾਲਰ ਨਿਵੇਸ਼ ਕਰੇਗੀ। ਉਨ੍ਹਾਂ ਆਖਿਆ ਕਿ ਇਨ੍ਹਾਂ ਨਵੇਂ ਫੰਡਾਂ ਦੀ ਸਹਾਇਤਾ ਨਾਲ ਅਸੈਂਸ਼ੀਅਲ ਵਰਕਰਜ਼ ਨੂੰ ਉਸ ਥਾਂ ਤਾਇਨਾਤ ਕੀਤਾ ਜਾਵੇਗਾ ਜਿੱਥੇ ਉਨ੍ਹਾਂ ਦੀ ਸੱਭ ਤੋਂ ਵੱਧ ਲੋੜ ਹੋਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਕੋਵਿਡ-19 ਮਾਮਲਿਆਂ ਵਿੱਚ ਹੋਣ ਵਾਲੇ ਵਾਧੇ ਨਾਲ ਸਿੱਝਣ ਲਈ ਸਿਸਟਮ ਪੂਰੀ ਤਰ੍ਹਾਂ ਲੈਸ ਹੋਵੇ।

# ਓਨਟਾਰੀਓ ਵਿਧਾਨਸਭਾ ’ਤੇ ਚੀਨ ਦਾ ਝੰਡਾ ਫਹਿਰਾਏ ਜਾਣ ਦੀ ਫੋਰਡ ਵੱਲੋਂ ਆਲੋਚਨਾ



ਓਨਟਾਰੀਓ, 1 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੀ ਵਿਧਾਨਸਭਾ ਉੱਤੇ ਚੀਨ ਦਾ ਝੰਡਾ ਫਹਿਰਾਏ ਜਾਣ ਦੀ ਯੋਜਨਾ ਦੀ ਪ੍ਰੀਮੀਅਰ ਫੋਰਡ ਤੇ ਹੋਰਨਾਂ ਵੱਲੋਂ ਆਲੋਚਨਾ ਕੀਤੀ ਜਾ ਰਹੀ ਹੈ।

ਚੀਨ ਦੇ ਨੈਸ਼ਨਲ ਡੇਅ ਦੇ ਜਸ਼ਨਾਂ ਨੂੰ ਸਾਂਝਾ ਕਰਨ ਲਈ ਇਹ ਝੰਡਾ ਫਹਿਰਾਏ ਜਾਣ ਦੀ ਯੋਜਨਾ ਹੈ। ਪਰ ਪ੍ਰੀਮੀਅਰ ਫੋਰਡ ਦੇ ਬੁਲਾਰੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਓਨਟਾਰੀਓ ਦੀ ਲੈਜਿਸਲੇਟਿਵ ਅਸੈਂਬਲੀ ਦੀ ਆਜ਼ਾਦਾਨਾ ਫਲੈਗ ਪਾਲਿਸੀ ਹੈ। ਇਸ ਵਿੱਚ ਸਿਆਸੀ ਪਾਰਟੀਆਂ ਤੇ ਸਰਕਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਰ ਇਹ ਝੰਡਾ ਇਸ ਸਮੇਂ ਫਹਿਰਾਇਆ ਜਾਣਾ ਸਹੀ ਨਹੀਂ ਹੈ। ਫੋਰਡ ਦੇ ਬੁਲਾਰੇ ਨੇ ਸਪਸ਼ਟ ਕੀਤਾ ਕਿ ਇਸ ਰਸਮ ਲਈ ਨਾ ਤਾਂ ਓਨਟਾਰੀਓ ਸਰਕਾਰ ਤੇ ਨਾ ਹੀ ਪੀਸੀ ਕਾਕਸ ਵੱਲੋਂ ਹੀ ਕੋਈ ਨੁਮਾਇੰਦਾ ਭੇਜਿਆ ਜਾਵੇਗਾ।

ਮੁੱਦਾ ਇਹ ਹੈ ਕਿ ਚੀਨ ਸਰਕਾਰ ਵੱਲੋਂ ਦੋ ਬੇਕਸੂਰ ਕੈਨੇਡੀਅਨਾਂ ਨੂੰ ਖਾਹਮਖਾਹ ਜੇਲ੍ਹ ਵਿੱਚ ਬੰਦ ਕਰਕੇ ਰੱਖਿਆ ਗਿਆ ਹੈ ਤੇ ਫੈਡਰਲ ਸਰਕਾਰ ਵੱਲੋਂ ਵੀ ਇਸ ਨੂੰ ਗੈਰਕਾਨੂੰਨੀ ਦੱਸਿਆ ਜਾਂਦਾ ਹੈ। ਓਨਟਾਰੀਓ ਵਿਧਾਨਸਭਾ ਦੇ ਸਾਰਜੈਂਟ ਐਟ ਆਰਮਜ਼ ਨੇ ਦੱਸਿਆ ਕਿ ਇਹ ਝੰਡਾ ਫਹਿਰਾਉਣ ਦੀ ਰਸਮ ਕਨਫੈਡਰੇਸ਼ਨ ਆਫ ਦ ਟੋਰਾਂਟੋ ਚਾਈਨੀਜ/ਕੈਨੇਡੀਅਨ ਆਰਗੇਨਾਈਜ਼ੇਸ਼ਨ ਦੀ ਦਰਖੁਆਸਤ ਉੱਤੇ ਨਿਭਾਈ ਜਾ ਰਹੀ ਹੈ।

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6’2’’, ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਲੜਕਾ ਪਹਿਲਾਂ ਸ਼ਾਦੀਸ਼ੁਦਾ ਸੀ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5’7’’, ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ ’ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ ’ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉਮਰ 26 ਸਾਲ, ਕੱਦ 5’5’’, ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3’’, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5’-5’’, MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5’5” BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5’5’’, ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





ਫੌਨਾਂ ਦੇ ਸਸਤੇ ਪਲਾਨ ਗਾਰੰਟਿਡ


ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



ਅਕਾਲ ਸਹਾਇ

# ਗੁਰਦੁਆਰਾ ਜੋਤਿ ਪ੍ਰਕਾਸ਼ ਸਾਹਿਬ ਟੋਰਾਂਟੋ (ਕੈਨੇਡਾ)

135-Sun Pac Blvd, Brampton Ontario L6S5Z6 Tel: 905-790-1415



ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ

ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਬਠਿੰਡਾ) ਪੰਜਾਬ, ਜਿਨ੍ਹਾਂ ਦਾ ਜਨਮ 30-02-1950 ਨੂੰ ਪਿਤਾ ਸ੍ਰੀ ਗੁਰਦਿਆਲ ਸਿੰਘ ਤੇ ਮਾਤਾ ਸ੍ਰੀਮਤੀ ਕਰਤਾਰ ਕੌਰ ਦੀ ਕੁੱਖੋਂ, ਪਿੰਡ ਜਫਰਵਾਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਜਿਨ੍ਹਾਂ ਨੇ ਬੀ.ਏ. ਕਰਕੇ ਦਮਦਮੀ ਟਕਸਾਲ ਦੇ 13ਵੇਂ ਜਥੇਦਾਰ ਸੰਤ ਗਿਆਨੀ ਕਰਤਾਰ ਸਿਘ ਖਾਲਸਾ ਭਿੰਡਰਾਂਵਾਲਿਆਂ ਕੋਲੋਂ ਸਿੱਖਿਆ ਹਾਸਿਲ ਕਰਕੇ ਲੰਬਾ ਸਮਾਂ ਜੱਥੇ ਵਿਚ ਰਹਿ ਕੇ ਧਰਮ ਪ੍ਰਚਾਰ ਦੀ ਸੇਵਾ ਕੀਤੀ ਤੇ ਧਰਮ ਯੁੱਧ ਮੋਰਚੇ ਦੌਰਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਨਾਲ ਰਹਿ ਕੇ ਸੇਵਾ ਕੀਤੀ ਤੇ 1986 ਵਿਚ ਜੋ ਸਰਬੱਤ ਖਾਲਸਾ ਵਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੀ ਜੱਥੇਦਾਰ ਦੀ ਸੇਵਾ ਸੌਂਪੀ ਗਈ ਅਤੇ ਖਾਲਿਸਤਾਨ ਐਲਾਨਨਾਮੇ ਵਿਚ ਪੰਜ ਸਿੰਘ ਸਾਹਿਬਾਨਾਂ ਵਿਚ ਮੁੱਖ ਭੂਮਿਕਾ ਨਿਭਾਈ। ਉਪਰੰਤ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨਾਲ ਰਹਿ ਕੇ ਧਰਮ ਪ੍ਰਚਾਰ ਦੀ ਸੇਵਾ ਕੀਤੀ ਅਤੇ 1994 ਤੱਕ ਅਨੇਕਾਂ ਵਾਰ ਜੇਲ੍ਹਾਂ ਵੀ ਕੱਟੀਆਂ। ਫੇਰ 1995 ਵਿਚ ਕੈਨੇਡਾ ਪਹੁੰਚ ਗਏ ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਤੇ ਗੁਰਦੁਆਰਾ ਜੋਤ ਪ੍ਰਕਾਸ਼ ਵਿਖੇ 2020 ਤੱਕ ਧਰਮ ਪ੍ਰਚਾਰ ਦੀ ਸੇਵਾ ਕੀਤੀ ਤੇ ਸੈਂਕੜੇ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸ਼ੁਧ ਸੰਥਿਆ ਕਰਵਾਈ। ਸਮੇਂ ਸਮੇਂ ਅਨਸਾਰ ਅਮਰੀਕਾ-ਇੰਗਲੈਂਡ ਵਿਚ ਵੀ ਧਰਮ ਪ੍ਰਚਾਰ ਕੀਤਾ। ਉਹ ਗੁਰੂ ਸਾਹਿਬ ਜੀ ਵੱਲੋਂ ਮਿਲੇ ਸੁਆਸਾਂ ਦੀ ਪੂੰਜੀ ਨੂੰ ਸਮਾਪਤ ਕਰਦਿਆਂ ਮਿਤੀ 23-09-2020 ਨੂੰ ਗੁਰੂ ਚਰਨਾਂ ਵਿਚ ਜਾ ਵਿਰਾਜੇ ਹਨ। ਜਿਨ੍ਹਾਂ ਦੇ ਨਮਿਤ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ ਵਿਖੇ ਮਿਤੀ 03-10-2020 ਨੂੰ ਸ਼ਾਮ ਦੁਪਹਿਰ 1:30 ਤੋ ਸ਼ਾਮ 4 ਵਜੇ ਤੱਕ ਪੈਣਗੇ, ਜਿਸ ਵਿਚ ਕਥਾ ਕੀਰਤਨ ਸਮਾਗਮ ਹੋਣਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਸਮਾਗਮ ਵਿਚ ਹਾਜ਼ਰੀ ਲਗਵਾਉਣ ।

*(ਨੋਟ- ਆਪਣੇ ਚਿਹਰੇ ਉਤੇ ਮਾਸਕ ਜ਼ਰੂਰ ਪਾ ਕੇ ਆਉਣਾ)*



ਵੱਲੋਂ:- ਸਮੂਹ ਪਰਿਵਾਰ ਤੇ ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ
ਭਾਈ ਦਲਜਿੰਦਰ ਸਿੰਘ 647-641-2968, ਦਫ਼ਤਰ 905-790-1415

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |



Jagdish Grewal
Sales Representative

Residential | Commercial | Investment (416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

○7 Days Work ○All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton

Call for Free Estimates

A-1 RENOVATION GTA INC
416-456-1462
OVER 15 YEARS OF SERVICE
$1,000
Professionals in Completing Basements within 3 Weeks
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com
www.a1renovationgta.com

A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC

**Looking for Experienced:**
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
## 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 416-822-2590
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience




Ride Ontario's
Heritage Railway
SPECIAL RIDES
FALL COLOURS TOURS
Starts From Sep 27
Reservation only
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
TOTTENHAM
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44.01.19 N
79.48.27 W
or call:905.936.5815
VISA MasterCard Interac


NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
CANOPY TOWERS
Canopy Towers - Building A
Exterior Rendering - Dusk View by Liberty Development
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy
Residential
Commercial
Investment
Century 21
President Realty Inc Brokerage*
Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com

# ਸਕੂਲਾਂ ਨੂੰ ਸੁਰੱਖਿਅਤ ਢੰਗ ਨਾਲ ਦੋਬਾਰਾ ਖੋਲ੍ਹਣਾ ਸਾਰਿਆਂ ਵਾਸਤੇ ਮਾਅਨੇ ਰੱਖਦਾ ਹੈ

**ਇਸੇ ਕਰਕੇ** ਓਨਟੈਰਿਓ ਸਰਕਾਰ ਨੇ ਸਾਡੇ ਬੱਚਿਆਂ ਅਤੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਵਾਸਤੇ ਵਿਆਪਕ ਯੋਜਨਾ ਵਿਕਸਤ ਕਰਨ ਲਈ ਸਿਹਤ ਅਧਿਕਾਰੀਆਂ, ਸਕੂਲ ਬੋਰਡਾਂ ਅਤੇ ਸਿੱਖਿਅਕਾਂ ਨਾਲ ਕੰਮ ਕੀਤਾ ਹੈ।

- **ਸਰੀਰਕ ਦੂਰੀ ਰੱਖਣ** ਦੇ ਉਪਾਅ ਲਾਗੂ ਕੀਤੇ ਜਾਣਗੇ ਜਿਵੇਂ ਕਿ ਡੈਸਕਾਂ ਨੂੰ ਵੱਖਰਾ ਕਰਨਾ, ਸੰਕੇਤ, ਫਰਸ਼ 'ਤੇ ਨਿਸ਼ਾਨ, ਅਤੇ ਵਨ-ਵੇ ਹਾਲਵੇ।
- ਕਰਮਚਾਰੀਆਂ ਅਤੇ ਗ੍ਰੇਡ 4 - 12 ਦੇ ਵਿਦਿਆਰਥੀਆਂ ਲਈ **ਫੇਸ ਕਵਰਿੰਗ** ਲਾਜ਼ਮੀ ਹੋਣਗੀਆਂ।
- ਹੈਂਡ ਸੈਨੀਟਾਈਜ਼ਰ ਅਤੇ ਹੱਥਾਂ ਨੂੰ ਧੋਣ ਦੇ ਨਾਲ **ਹੱਥਾਂ ਦੀ ਸਫ਼ਾਈ** ਦਾ ਬੰਦੋਬਸਤ ਕੀਤਾ ਜਾਵੇਗਾ।
- ਸਕੂਲਾਂ ਵਿੱਚ **ਜ਼ਿਆਦਾ ਨਰਸਾਂ** ਹੋਣਗੀਆਂ।
- **ਸਕੂਲਾਂ ਦੀ ਸਫ਼ਾਈ** ਨੂੰ ਵਧਾਇਆ ਜਾਵੇਗਾ।



**ontario.ca/ReopeningSchools** 'ਤੇ ਜਾਓ।
ਇਸਦਾ ਭੁਗਤਾਨ ਓਨਟੈਰੀਓ ਸਰਕਾਰ ਨੇ ਕੀਤਾ ਹੈ

Ontario

